HARYANA SIKH GURDWARA MANAGEMENT COMMITTEE
ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ

ਸ਼ਹੀਦੀ ਸ਼ਤਾਬਦੀ ਪੁਸਤਕ
ਪ੍ਰਕਾਸ਼ਨਾ ਲੜੀ-7

ਪਬਲੀਕੇਸ਼ਨ ਅਤੇ ਖੋਜ ਵਿਭਾਗ
ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ

# ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਅਦੁੱਤੀ ਸ਼ਹਾਦਤ: ਇਤਿਹਾਸਕ ਪਰਿਪੇਖ



ਡਾ. ਸੰਦੀਪ ਸਿੰਘ

ਪਬਲੀਕੇਸ਼ਨ ਅਤੇ ਖੋਜ ਵਿਭਾਗ,
ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ,
ਕੁਰੂਕਸ਼ੇਤਰ

ਭੇਟਾ ਰਹਿਤ

©
Haryana Sikh Gurdwara Management Committee,
Kurukshetra

# Sri Guru Teg Bahadur Ji Di Aduti Shahadat: Itihasak Paripekh (Punjabi)

Writer:
Dr. Sandeep Singh
In-charge
Department of Publication & Research,
Haryana Sikh Gurdwara Management Committee,
Kurukshetra

Research Associate:
Gurmeet Singh Danoli

Typing Work:
Satnam Singh

2nd edition November 2025
4,000
1st edition December 2024
2,000

Printer: Tejas Printers, Patiala

Published by Department of Publication & Research,
Haryana Sikh Gurdwara Management Committee,
Kurukshetra

# ਮੁੱਖ ਬੰਧ

ਸ੍ਰੀ ਗੁਰੂ ਤੇਗ ਬਹਾਦਰ ਜੀ ਸ਼ਹਾਦਤ, ਇਤਿਹਾਸ ਦਾ ਇਕ ਵਿਲੱਖਣ ਵਰਤਾਰਾ ਹੈ ਜਿਸ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਕੀਨੋ ਬਡੋ ਕਲੂ ਮਹਿ ਸਾਕਾ' ਕਹਿ ਕੇ ਸਤਿਕਾਰ ਪ੍ਰਦਾਨ ਕੀਤਾ ਹੈ। ਗੁਰੂ ਸਾਹਿਬ ਨੇ ਆਪਣੇ ਦਰ 'ਤੇ ਆਏ ਮਜ਼ਲੂਮਾਂ ਦੇ ਧਾਰਮਿਕ ਹੱਕਾਂ ਦੀ ਆਜ਼ਾਦੀ ਲਈ ਆਪਣਾ ਸੀਸ ਦੇ ਕੇ, ਇਤਿਹਾਸ ਨੂੰ ਇਕ ਨਵਾਂ ਮੋੜ ਪ੍ਰਦਾਨ ਕੀਤਾ। ਆਪਣੇ ਨਿਜ ਤੋਂ ਉੱਪਰ ਉੱਠ ਕੇ ਦਿੱਤੀ ਗਈ ਇਹ ਸ਼ਹਾਦਤ, ਸੰਸਾਰ ਦੀ ਇਕ ਨਿਵੇਕਲੀ ਸ਼ਹਾਦਤ ਹੈ।

ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ 'ਪਬਲੀਕੇਸ਼ਨ ਅਤੇ ਖੋਜ ਵਿਭਾਗ' ਵੱਲੋਂ, ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਦਿਵਸ ਦੇ ਇਤਿਹਾਸਕ ਮੌਕੇ 'ਤੇ ਡਾ. ਸੰਦੀਪ ਸਿੰਘ ਦੁਆਰਾ ਲਿਖਤ ਟ੍ਰੈਕਟ ਰਾਹੀਂ ਗੁਰੂ ਸਾਹਿਬ ਜੀ ਦੀ ਸ਼ਹਾਦਤ ਦੇ ਵਿਭਿੰਨ ਪੱਖਾਂ ਨੂੰ ਪ੍ਰਸਤੁਤ ਕਰਨ ਦਾ ਕਾਰਜ ਕੀਤਾ ਗਿਆ ਹੈ। ਇਸ ਕਾਰਜ ਰਾਹੀਂ ਜਿਥੇ ਗੁਰੂ ਪਾਤਸ਼ਾਹ ਦੇ ਚਰਨਾਂ ਵਿਚ ਅਕਾਦਮਿਕ ਸ਼ਰਧਾਂਜਲੀ ਭੇਟਾ ਕੀਤੀ ਜਾ ਰਹੀ ਹੈ, ਉਥੇ ਇਸ ਟ੍ਰੈਕਟ ਰਾਹੀਂ ਸੰਗਤ ਗੁਰੂ ਜੀ ਸ਼ਹਾਦਤ ਦੇ ਵੱਖ-ਵੱਖ ਪਹਿਲੂਆਂ ਤੋਂ ਵੀ ਜਾਣੂੰ ਹੋਵੇਗੀ। ਅਸੀਂ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਨੂੰ ਕੋਟਾਨਿ-ਕੋਟਿ ਪ੍ਰਣਾਮ ਕਰਦੇ ਹਾਂ।

**ਜਥੇਦਾਰ ਜਗਦੀਸ਼ ਸਿੰਘ ਝੀਂਡਾ**

**ਪ੍ਰਧਾਨ**

**ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ**

**ਕੁਰੂਕਸ਼ੇਤਰ (ਹਰਿਆਣਾ)।**

ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਆਰੰਭ ਕੀਤੇ 'ਖੰਨਿਅਹੁ ਤਿਖੀ ਵਾਲਹੁ ਨਿਕੀ' ਵਾਲੇ ਸਚਿਆਰ ਮਾਰਗ ਦੇ ਨੌਂਵੇਂ ਰਹਿਬਰ, ਸ੍ਰੀ ਗੁਰੂ ਤੇਗ ਬਹਾਦਰ ਜੀ ਧਰਮ ਰੱਖਿਅਕ ਮਸੀਹਾ ਵਜੋਂ ਜਾਣੇ ਜਾਂਦੇ ਹਨ ਜਿਨ੍ਹਾਂ ਦਾ ਨਾਮ ਧਾਰਮਿਕ ਸੁਤੰਤਰਤਾ ਅਤੇ ਮਾਨਵੀ ਅਧਿਕਾਰਾਂ ਲਈ ਦਿੱਤੀ ਸ਼ਹਾਦਤ ਕਾਰਨ ਬਹੁਤ ਹੀ ਸਤਿਕਾਰ ਸਹਿਤ ਲਿਆ ਜਾਂਦਾ ਹੈ। ਉਨ੍ਹਾਂ ਨੇ ਤਤਕਾਲੀਨ ਸਮੇਂ ਵਿਚ ਜ਼ੁਲਮ ਅਤੇ ਨਰਕ ਭੋਗ ਰਹੀ ਲੋਕਾਈ ਨੂੰ 'ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ' ਦਾ ਨਿਡਰਤਾ ਵਾਲਾ ਪਾਠ ਪੜ੍ਹਾਇਆ ਜਿਸ ਨੇ ਲੋਕਾਂ ਅੰਦਰ ਇਕ ਨਵੀਂ ਚੇਤਨਾ ਪੈਦਾ ਕੀਤੀ। ਗੁਰੂ ਸਾਹਿਬ ਨੇ ਸਮੇਂ ਦੀ ਨਜ਼ਾਕਤ ਅਨੁਸਾਰ ਜ਼ੁਲਮਾਂ ਵਿਰੁੱਧ ਲੜੀ ਜਾ ਰਹੀ ਹਥਿਆਰਬੰਦ ਜੰਗ ਵਿਚ ਤੇਗ ਦੇ ਜੌਹਰ ਵਿਖਾਏ ਅਤੇ ਸਮਾਂ ਆਉਣ 'ਤੇ ਸ਼ਾਂਤਮਈ ਢੰਗ ਨਾਲ 'ਠੀਕਰਿ ਫੋਰਿ ਦਿਲੀਸਿ ਸਿਰਿ' ਵਾਲੀ ਸ਼ਹਾਦਤ ਦੇ ਅਦੁੱਤੀ ਕਾਰਨਾਮੇ ਰਾਹੀਂ 'ਕੀਨੋ ਬਡੋ ਕਲੂ ਮਹਿ ਸਾਕਾ' ਦੇ ਇਤਿਹਾਸ ਦੀ ਸਿਰਜਣਾ ਕੀਤੀ। ਤਿਆਗ ਤੇ ਵੈਰਾਗ ਦੇ ਗੁਣਾਂ ਦੇ ਧਾਰਨੀ ਗੁਰੂ ਸਾਹਿਬ ਨੇ ਕਰਤਾਰਪੁਰ ਦੀ ਜੰਗ ਵਿਚ ਬਹਾਦਰੀ ਵਿਖਾਉਂਦੇ ਹੋਏ 'ਤੇਗ ਬਹਾਦਰ' ਜੀ ਦਾ ਰੁਤਬਾ ਪ੍ਰਾਪਤ ਕਰ ਕੇ 'ਦੀਨ ਕੈ ਹੇਤਿ' ਲੜਣ ਵਾਲੇ ਸੂਰਮੇ ਦਾ ਸਾਕਾਰ ਰੂਪ ਚਿਤ੍ਰਿਤ ਕੀਤਾ। ਉਨ੍ਹਾਂ ਨੇ ਆਪਣੀ ਸਮੁੱਚੀ ਜਿੰਦਗੀ 'ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ' ਦੇ ਸਿਧਾਂਤ 'ਤੇ ਦ੍ਰਿੜ੍ਹਤਾ ਨਾਲ ਪਹਿਰਾ ਦੇ ਕੇ ਜ਼ੁਲਮਾਂ ਦੇ ਖਿਲਾਫ਼ ਆਵਾਜ਼ ਬੁਲੰਦ ਕੀਤੀ; ਆਪਣੇ ਦਰ 'ਤੇ ਫਰਿਆਦੀ ਹੋ ਕੇ ਆਏ ਨਿਤਾਣਿਆਂ ਤੇ ਨਿਮਾਣਿਆਂ ਦੀ ਬਾਂਹ ਫੜੀ ਭਾਵੇਂ ਇਸ ਲਈ ਉਨ੍ਹਾਂ ਨੂੰ ਆਪਣੀ ਸ਼ਹਾਦਤ ਵੀ ਦੇਣੀ ਪਈ ਪਰ ਮਜ਼ਲੂਮਾਂ ਨੂੰ ਦਰ ਤੋਂ ਖਾਲੀ ਨਾ ਮੋੜਿਆ। ਗੁਰੂ ਤੇਗ ਬਹਾਦਰ ਜੀ ਉੱਚ ਰੂਹਾਨੀ-ਦਾਰਸ਼ਨਿਕ

ਸਖ਼ਸ਼ੀਅਤ ਦੇ ਮਾਲਕ ਸਨ ਜਿਸ ਦਾ ਪ੍ਰਗਟਾਵਾ ਉਨ੍ਹਾਂ ਦੇ ਜੀਵਨ ਘਟਨਾਕ੍ਰਮ ਅਤੇ ਉਨ੍ਹਾਂ ਦੀ ਬਾਣੀ ਰੂਪ ਰਚਨਾ ਵਿਚੋਂ ਸਹਿਜੇ ਹੀ ਹੋ ਜਾਂਦਾ ਹੈ।

ਹੱਥਲੇ ਟ੍ਰੈਕਟ ਦਾ ਉਦੇਸ਼ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਸੰਬੰਧੀ ਇਤਿਹਾਸਕ ਪੱਖ ਨੂੰ ਪਾਠਕਾਂ ਦੇ ਸਾਹਮਣੇ ਪ੍ਰਸਤੁਤ ਕਰਨਾ ਹੈ। 'ਸ਼ਹਾਦਤ' ਸ਼ਬਦ ਅਰਬੀ ਭਾਸ਼ਾ ਦੇ 'ਸ਼ਹੀਦ' ਲਫਜ਼ ਤੋਂ ਬਣਿਆ ਹੈ। ਜੇਕਰ ਅਸੀ 'ਸ਼ਹੀਦ' ਲਫਜ਼ ਦੇ ਅਰਥ ਬਾਰੇ ਗੱਲ ਕਰੀਏ ਤਾਂ ਪੰਜਾਬੀ ਵਿਸ਼ਵਕੋਸ਼[1] ਦੇ ਅਨੁਸਾਰ ਸ਼ਹੀਦ ਉਹ ਵਿਅਕਤੀ ਹੁੰਦਾ ਹੈ ਜੋ ਸਚਾਈ ਅਤੇ ਨੇਕੀ ਦੇ ਰਾਹ 'ਤੇ ਚਲਦਿਆਂ ਆਪਣੀ ਜਾਨ ਕੁਰਬਾਨ ਕਰ ਦਿੰਦਾ ਹੈ। ਸ਼ਹੀਦ ਹੋਣ ਵਾਲਾ ਮਹਾਨ ਵਿਅਕਤੀ ਅਸੀਮ ਸ਼ਕਤੀ ਦਾ ਅਜਿਹਾ ਸੋਮਾ ਹੁੰਦਾ ਹੈ ਜੋ ਆਪਣੀ ਜਾਨ ਦੇ ਕੇ ਕੌਮ ਵਿਚ ਨਵੀਂ ਰੂਹ ਸਥਾਪਿਤ ਕਰ ਦਿੰਦਾ ਹੈ। ਸ਼ਹੀਦ ਸ਼ਬਦ ਮੂਲ ਰੂਪ ਵਿਚ ਭਾਵੇਂ ਅਰਬੀ ਭਾਸ਼ਾ ਦਾ ਸ਼ਬਦ ਹੈ ਪ੍ਰੰਤੂ ਇਸ ਸ਼ਬਦ ਨੂੰ ਜਿੰਨ੍ਹਾਂ ਜ਼ਿਆਦਾ ਸਿੱਖ ਧਰਮ ਨੇ ਆਪਣੇ ਪਿੰਡੇ 'ਤੇ ਹਕੀਕੀ ਰੂਪ ਵਿਚ ਹੰਢਾਇਆ ਹੈ, ਉਸ ਕਾਰਨ ਇਹ ਸ਼ਬਦ ਸਿੱਖ ਧਰਮ ਨਾਲ ਅਜਿਹੇ ਰੂਪ ਵਿਚ ਜੁੜ ਚੁੱਕਿਆ ਹੈ ਕਿ ਇਸ ਸ਼ਬਦ ਦਾ ਮੂਲ ਸਿੱਖ ਧਰਮ ਵਿਚ ਹੀ ਪ੍ਰਤੀਤ ਹੁੰਦਾ ਹੈ। ਭਾਵੇਂ ਸਿੱਖ ਧਰਮ ਤੋਂ ਇਲਾਵਾ ਸੰਸਾਰ ਦੇ ਵੱਖ-ਵੱਖ ਧਰਮਾਂ ਵਿਚ ਵੀ ਸ਼ਹਾਦਤ ਦਾ ਸੰਕਲਪ ਪ੍ਰਾਪਤ ਹੁੰਦਾ ਹੈ ਪ੍ਰੰਤੂ ਧਰਮਾਂ ਵਿਚ ਸ਼ਹਾਦਤ ਦੇ ਤੁਲਾਤਮਕ ਅਧਿਐਨ ਤੋਂ ਬਾਅਦ ਸਿੱਖ ਧਰਮ ਵਿਚ ਮੌਜੂਦ ਸ਼ਹਾਦਤ ਦਾ ਪ੍ਰਸੰਗ ਆਪਣੇ ਆਪ ਨਿਵੇਕਲੇ ਅਤੇ ਉੱਚਤਾ ਦੇ ਰੂਪ ਵਜੋਂ ਸਥਾਪਤ ਹੋ ਜਾਂਦਾ ਹੈ। ਸ਼ਹਾਦਤ ਦਾ ਸੰਕਲਪ ਸਿੱਖ ਧਰਮ ਵਿਚ ਇਕ ਨਿਵੇਕਲਾ ਤੇ ਵਿਸ਼ੇਸ ਸਥਾਨ ਰੱਖਦਾ ਹੈ ਜਿਸ ਨੂੰ 'ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ' ਕਹਿ ਕੇ ਵਡਿਆਇਆ ਗਿਆ ਹੈ। ਸਿੱਖ ਧਰਮ

---

[1] *ਪੰਜਾਬੀ ਵਿਸ਼ਵਕੋਸ਼*, ਜਿਲਦ ਤੀਜੀ, ਪੰਨਾ 336

ਵਿਚ ਸ਼ਹਾਦਤ ਬਿਨਾਂ ਕਿਸੇ ਲਾਲਚ ਜਾਂ ਬੇਬਸੀ ਦੇ ਕਿਸੇ ਨੇਕ ਉਦੇਸ਼ ਲਈ ਜਾਂ ਉੱਚ ਅਸੂਲ ਲਈ ਆਪਣੇ ਨਿੱਜ ਤੋਂ ਉੱਪਰ ਉੱਠ ਕੇ ਦਿੱਤੀ ਗਈ ਜੀਵਨ ਦੀ ਕੁਰਬਾਨੀ ਹੈ। ਸਿੱਖ ਧਰਮ ਸਾਮੀ (ਪੱਛਮੀ) ਧਰਮਾਂ ਵਾਂਗ ਆਪਣੇ ਧਰਮ ਜਾਂ ਆਪਣੇ ਨਿੱਜ ਲਈ ਸ਼ਹਾਦਤ ਦੇਣ ਦੀ ਪ੍ਰੇਰਨਾ ਨਹੀਂ ਕਰਦਾ ਸਗੋਂ ਇਹ ਦੂਸਰੇ ਦੇ ਹਿੱਤਾਂ ਲਈ ਵੀ ਸ਼ਹੀਦੀ ਦੇਣ ਵਾਲਾ ਧਰਮ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹੈ। ਉਨ੍ਹਾਂ ਨੂੰ ਇਸ ਲਾਸਾਨੀ ਸ਼ਹਾਦਤ ਲਈ ਸਤਿਕਾਰ ਨਾਲ 'ਹਿੰਦ ਦੀ ਚਾਦਰ' ਕਿਹਾ ਜਾਂਦਾ ਹੈ ਕਿਉਂਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਉਸ ਸਮੇਂ ਹਿੰਦੂ ਧਰਮ ਨਾਲ ਹੋ ਰਹੇ ਧਾਰਮਿਕ ਅਨਿਆਂ ਅਤੇ ਜ਼ੁਲਮ ਵਿਰੁੱਧ ਆਪਣੀ ਸ਼ਹਾਦਤ ਦੇ ਕੇ ਹਿੰਦੂ ਧਰਮ ਦੀ ਰੱਖਿਆ ਕੀਤੀ। ਇਹ ਪੱਖ ਸੰਬੰਧੀ ਇਹ ਗੱਲ ਵਿਚਾਰਨ ਯੋਗ ਹੈ ਕਿ ਗੁਰੂ ਸਾਹਿਬ ਕੇਵਲ ਹਿੰਦੂ ਧਰਮ ਦੀ ਚਾਦਰ ਹਨ? ਕੀ ਉਨ੍ਹਾਂ ਦਾ ਸਿਧਾਂਤ ਕਿਸੇ ਵਿਸ਼ੇਸ ਧਰਮ ਦੀ ਰੱਖਿਆ ਕਰਨ ਦਾ ਹੈ? ਜਾਪਦਾ ਹੈ ਕਿ 'ਹਿੰਦ ਦੀ ਚਾਦਰ' ਕਹਿ ਕੇ ਅਸੀਂ ਉਨ੍ਹਾਂ ਦੀ ਸਖਸ਼ੀਅਤ ਤੇ ਸ਼ਹੀਦੀ ਨੂੰ ਛੋਟਾ ਕਰ ਦਿੰਦੇ ਹਾਂ। ਜੇਕਰ ਇਹ ਜ਼ੁਲਮ ਮੁਸਲਮਾਨਾਂ ਜਾਂ ਦੂਸਰੇ ਧਰਮ 'ਤੇ ਹੁੰਦਾ ਤਾਂ ਵੀ ਉਨ੍ਹਾਂ ਨੇ ਕੁਰਬਾਨੀ ਤੋਂ ਪਿੱਛੇ ਨਹੀਂ ਹਟਣਾ ਸੀ। ਇਸ ਕਰਕੇ ਗੁਰੂ ਸਾਹਿਬ ਉਹ ਕਿਸੇ ਵਿਸ਼ੇਸ਼ ਧਰਮ ਦੇ ਰੱਖਿਅਕ ਨਾ ਹੋ ਸਿਰਫ 'ਹਿੰਦ ਦੀ ਚਾਦਰ' ਨਹੀਂ ਸਗੋਂ 'ਸਗਲ ਸ੍ਰਿਸ਼ਟ ਦੀ ਚਾਦਰ' ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀ ਸੈਨਾਪਤਿ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਵਿਸ਼ਵ ਵਿਆਪੀ ਰੁਤਬਾ ਪ੍ਰਦਾਨ ਕਰਦੇ ਹੋਏ ਉਨ੍ਹਾਂ ਨੂੰ ਸਮੁੱਚੀ ਸ੍ਰਿਸ਼ਟੀ ਦੀ ਚਾਦਰ ਕਹਿ ਕੇ ਸਤਿਕਾਰ ਪ੍ਰਦਾਨ ਕੀਤਾ ਹੈ-

ਪ੍ਰਗਟ ਭਏ ਗੁਰ ਤੇਗ ਬਹਾਦਰ।। ਸਗਲ ਸ੍ਰਿਸਟ ਪੈ ਢਾਪੀ ਚਾਦਰ॥[2]

---

[2] ਸੈਨਾਪਤਿ, *ਸ੍ਰੀ ਗੁਰ ਸੋਭਾ*, ਗੰਡਾ ਸਿੰਘ (ਸੰਪਾ.), ਪੰਨਾ 65

ਅਸਲ ਅਰਥਾਂ ਵਿਚ ਕਵੀ ਸੈਨਾਪਤਿ ਵਾਂਗ ਗੁਰੂ ਸਾਹਿਬ ਨੂੰ ਕਿਸੇ ਵਿਸ਼ੇਸ਼ ਧਰਮ ਜਾਂ ਵਿਚਾਰ ਤੱਕ ਸੀਮਿਤ ਕਰਨ ਦੀ ਥਾਂ 'ਸ੍ਰਿਸ਼ਟੀ ਦੀ ਚਾਦਰ' ਕਹਿਣਾ ਹੀ ਉਨ੍ਹਾਂ ਦੀ ਸ਼ਹਾਦਤ ਦਾ ਅਸਲ ਸਤਿਕਾਰ ਹੈ।

ਗੁਰੂ ਸਾਹਿਬ ਦੀ ਸ਼ਹਾਦਤ ਨੂੰ ਸਮਝਣ ਲਈ ਉਨ੍ਹਾਂ ਦੀ ਸ਼ਹਾਦਤ ਲਈ ਜ਼ਿੰਮੇਵਾਰ ਕਾਰਨਾਂ, ਉਨ੍ਹਾਂ ਦੀ ਗ੍ਰਿਫ਼ਤਾਰੀ, ਔਰੰਗਜ਼ੇਬ ਦੀ ਉਨ੍ਹਾਂ ਦੀ ਸ਼ਹਾਦਤ ਸਮੇਂ ਦਿੱਲੀ ਵਿਚ ਮੌਜੂਦਗੀ ਜਾਂ ਗੈਰ ਮੌਜੂਦਗੀ, ਸ਼ਹੀਦੀ ਤੋਂ ਬਾਅਦ ਦੀਆਂ ਘਟਨਾਵਾਂ, ਸ਼ਹੀਦੀ ਦੇ ਪ੍ਰਭਾਵ ਆਦਿ ਇਤਿਹਾਸਕ ਪੱਖਾਂ ਨੂੰ ਸਮਝਣਾ ਬਹੁਤ ਜ਼ਰੂਰੀ ਹੈ ਕਿਉਂਕਿ ਇਨ੍ਹਾਂ ਪੱਖਾਂ ਸੰਬੰਧੀ ਸਾਡੀ ਰਵਾਇਤ ਵਿਚ ਵੱਖ-ਵੱਖ ਧਾਰਨਾਵਾਂ ਪ੍ਰਚਲਤ ਹਨ ਅਤੇ ਸਾਡੇ ਵਿਦਵਾਨ ਇਤਿਹਾਸਕਾਰ ਇਸ ਸੰਬੰਧੀ ਵੱਖ-ਵੱਖ ਵਿਚਾਰ ਪ੍ਰਗਟ ਕਰਦੇ ਹਨ। ਇਸ ਲੇਖ ਵਿਚ ਉਨ੍ਹਾਂ ਦੀ ਸ਼ਹੀਦੀ ਨਾਲ ਸੰਬੰਧਤ ਇਨ੍ਹਾਂ ਪੱਖਾਂ ਨੂੰ ਭੱਟ ਵਹੀਆਂ, ਭਰੋਸੇਯੋਗ ਸਿੱਖ ਸ੍ਰੋਤ ਗ੍ਰੰਥਾਂ ਅਤੇ ਸਿੱਖ ਵਿਦਵਾਨਾਂ ਦੇ ਆਧਾਰ 'ਤੇ ਸਿੱਖ ਸਿਧਾਂਤਾਂ ਦੀ ਰੌਸ਼ਨੀ ਵਿਚ ਵਿਚਾਰਨ ਦੀ ਕੋਸ਼ਿਸ਼ ਕੀਤੀ ਜਾਵੇਗੀ।

ਔਰੰਗਜ਼ੇਬ ਇਕ ਕੱਟੜ ਮੁਸਲਮਾਨ ਸੀ ਜੋ ਦਾਰ-ਉਲ-ਇਸਲਾਮ ਦੀ ਨੀਤੀ ਤਹਿਤ ਸਮੁੱਚੇ ਦੇਸ਼ ਨੂੰ ਮੁਸਲਮਾਨ ਬਣਾਉਣਾ ਚਾਹੁੰਦਾ ਸੀ। ਆਪਣੇ 'ਦਾਰ-ਉਲ-ਇਸਲਾਮ' ਦੇ ਸੁਪਨੇ ਨੂੰ ਪੂਰਾ ਕਰਨ ਕਈ ਉਸ ਨੇ ਗੈਰ-ਮੁਸਲਮਾਨਾਂ 'ਤੇ ਅਨੇਕਾਂ ਸਖ਼ਤਾਈ ਵਾਲੇ ਹੁਕਮ[3] ਲਾਗੂ ਕੀਤੇ ਤਾਂ ਜੋ ਉਹ ਇਸਲਾਮ ਧਾਰਨ ਕਰ ਲੈਣ।

'ਮਆਸਿਰੀ-ਏ-ਆਲਮਗੀਰੀ' ਅਨੁਸਾਰ[4] ਔਰੰਗਜ਼ੇਬ ਨੇ ਸੂਬਿਆਂ ਦੇ

---

[3] ਹੋਰ ਵਿਸਥਾਰ ਲਈ ਵੇਖੋ ਪ੍ਰਿ. ਸਤਿਬੀਰ ਸਿੰਘ ਕ੍ਰਿਤ *'ਇਤਿ ਜਿਨਿ ਕਰੀ'*, ਪੰਨੇ 147-151

[4] *MAÂSIR-I-ÂLAMGIRI,* Sir Jadunath Sarkar (Translater), P. 51-52, Royal Asiatic Society of Bengal, 1947 AD.

ਨਾਜ਼ਿਮਾਂ ਨੂੰ ਇਹ ਹੁਕਮ ਭੇਜਿਆ ਕਿ ਉਹ ਕਾਫ਼ਿਰਾਂ ਦੇ ਸਕੂਲਾਂ ਅਤੇ ਮੰਦਿਰਾਂ ਨੂੰ ਢਾਹ ਦੇਣ ਅਤੇ ਉਨ੍ਹਾਂ ਦੀਆਂ ਵਿਦਿਅਕ ਅਤੇ ਧਾਰਮਿਕ ਸਰਗਰਮੀਆਂ ਬੰਦ ਕਰ ਦੇਣ। ਇਸ ਹੁਕਮ ਅਨੁਸਾਰ ਗੁਜਰਾਤ ਦਾ ਸੋਮਨਾਥ ਮੰਦਿਰ, ਬਨਾਰਸ ਦਾ ਕਾਸ਼ੀ ਵਿਸਵਨਾਥ ਮੰਦਿਰ ਅਤੇ ਮਥੁਰਾ ਦਾ ਕੇਸ਼ਵ ਰਾਏ ਮੰਦਰ ਨਸ਼ਟ ਕਰ ਦਿੱਤੇ ਗਏ।[5] ਮੰਦਿਰਾਂ ਵਿਚੋਂ ਉਖਾੜ ਕੇ ਲਿਆਂਦੇ ਗਏ ਬੁੱਤਾਂ ਦੇ ਟੁਕੜੇ ਆਗਰੇ ਦੀ ਮਸਜਿਦ ਦੀਆਂ ਪੌੜੀਆਂ ਥੱਲੇ ਦੱਬੇ ਗਏ ਤਾਂ ਕਿ ਮਸਜਿਦ ਵਿਚ ਆਉਣ-ਜਾਣ ਵਾਲੇ ਮੁਸਲਮਾਨ ਇਨ੍ਹਾਂ ਧਾਰਮਿਕ ਮੂਰਤੀਆਂ ਨੂੰ ਲਤਾੜ ਕੇ ਇਨ੍ਹਾਂ ਦੀ ਬੇਅਦਬੀ ਕਰ ਸਕਣ।[6] ਹਿੰਦੂ ਧਰਮ ਦੀ ਪਵਿੱਤਰ ਨਗਰੀ ਮਥੁਰਾ ਦਾ ਨਾਮ ਬਦਲ ਕੇ ਇਸਲਾਮਾਬਾਦ ਕਰ ਦਿੱਤਾ ਗਿਆ।[7] ਅਕਬਰ ਦੁਆਰਾ 1564 ਈ. ਵਿਚ ਬੰਦ ਕੀਤਾ ਜਜ਼ੀਆ ਟੈਕਸ ਉਸ ਨੇ 1679 ਈ. ਵਿਚ ਮੁੜ ਲਾਗੂ ਕਰ ਦਿੱਤਾ।[8] ਔਰੰਗਜ਼ੇਬ ਨੇ ਆਪਣੀ ਕਟੱੜ ਨੀਤੀ ਤਹਿਤ ਇਫ਼ਤਖ਼ਾਰ ਖਾਨ[9] ਨੂੰ ਕਸ਼ਮੀਰ ਦਾ ਗਵਰਨਰ ਬਣਾਇਆ ਜਿਸ ਨੇ ਕਸ਼ਮੀਰੀ ਪੰਡਿਤਾਂ ਨੂੰ ਇਸਲਾਮ ਵਿਚ ਲਿਆਉਣ ਜਾਂ ਕਤਲ ਕਰਨ ਦਾ ਆਦੇਸ਼ ਜਾਰੀ ਕੀਤਾ। ਅਜਿਹੇ ਜ਼ੁਲਮੀ-ਦਮਨਕਾਰੀ ਮਾਹੌਲ ਅਤੇ ਹਕੂਮਤ ਦੀਆਂ ਗੈਰ-ਇਸਲਾਮੀ ਵਿਰੋਧੀ ਨੀਤੀਆਂ ਕਾਰਨ ਹਿੰਦੂਆਂ ਵਿਚ ਰੋਸ ਅਤੇ ਡਰ ਦਾ ਮਾਹੌਲ ਸੀ ਪਰੰਤੂ ਉਹ ਜ਼ਿਆਦਾ ਕੁਝ ਕਰਨ ਤੋਂ ਬੇਬਸ ਅਤੇ ਅਸਮਰੱਥ ਸਨ।

---

[5] Ishwari Prasad, *A Short History of Muslim Rule in India,* P. 687, The Indian Press Limited, Allahabad, 1931 AD.

[6] Stanley Lane-Poole*, Rulers of India: Aurangzib*, P. 136, Printed at the Clarendon Press, Oxford University, 1893 AD.

[7] Ishwari Parshad, *A Short History of Muslim Rule in India,* P. 687

[8] En.m.wikipedia.org/wiki/jizya

[9] ਭਾਈ ਸੰਤੋਖ ਸਿੰਘ ਨੇ ਇਸ ਦਾ ਨਾਂ ਸ਼ੇਰ ਅਫਗਾਨ ਖਾਂ ਲਿਖਿਆ ਹੈ (ਰਾਸ 12, ਅੰਸੂ 27) ਜੋ ਕਿ ਇਤਿਹਾਸਕਾਰਾਂ ਅਨੁਸਾਰ ਇਸ ਨੂੰ ਔਰੰਗਜ਼ੇਬ ਦੁਆਰਾ ਦਿੱਤੀ ਗਈ ਉਪਾਧੀ ਦਾ ਨਾਮ ਹੈ।

ਇਸ ਸੰਬੰਧ ਵਿਚ ਕਸ਼ਮੀਰੀ ਪੰਡਤਾਂ ਦਾ ਇਕ ਵਫ਼ਦ, ਪੰਡਤ ਕ੍ਰਿਪਾ ਰਾਮ[10] ਦੀ ਅਗਵਾਈ ਅਧੀਨ ਜੇਠ ਸੁਦੀ 11, ਸੰਮਤ 1732 (25 ਮਈ, 1675 ਈ.) ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਚੱਕ ਨਾਨਕੀ (ਅਨੰਦਪੁਰ ਸਾਹਿਬ) ਪਹੁੰਚ ਕੇ ਸਹਾਇਤਾ ਲਈ ਮਿਲਿਆ। ਇਸ ਸੰਬੰਧੀ ਵੇਰਵਾ ਗੁਰੂ ਕੀਆਂ ਸਾਖੀਆਂ[11] ਅਤੇ 'ਭੱਟ ਵਹੀ ਮੁਲਤਾਨੀ ਸਿੰਧੀ, ਖਾਤਾ ਬਲਉਤੋਂ ਕਾ' ਤੋਂ ਇਸ ਪ੍ਰਕਾਰ ਮਿਲਦਾ ਹੈ-

"*ਕ੍ਰਿਪਾ ਰਾਮ ਬੇਟਾ ਅਤੇ ਰਾਮ ਕਾ ਪੋਤਾ ਨਰੈਣ ਦਾਸ ਕਾ ਪੜਪੋਤਾ ਬ੍ਰਹਮ ਦਾਸ ਕਾ ਬੰਸ ਠਾਕਰ ਦਾਸ ਕੀ ਦੱਤ ਗੋਤਰਾ ਮੁਝਾਲ ਬ੍ਰਾਹਮਣ ਬਾਸੀ ਮਟਨ ਦੇਸ਼ ਕਸ਼ਮੀਰ ਸੰਬਤ ਸਤਰਾਂ ਸੈ ਬਤੀਸ ਜੇਠ ਮਾਸੇ ਸੁਦੀ ਇਕਾਦਸੀ ਕੇ ਦਿਹੁ ਖੋੜਸ ਮੁਖੀ ਕਸ਼ਮੀਰੀ ਬ੍ਰਾਹਮਨੋਂ ਕੇ ਗੈਲ ਲੈ ਗਰਾਮ ਚੱਕ ਨਾਨਕੀ ਪ੍ਰਗਨਾ ਕਹਿਲੂਰ ਗੁਰੂ ਤੇਗ ਬਹਾਦਰ ਜੀ ਮਹਲ ਨਾਮਾ ਕੇ ਦਰਬਾਰ ਆਇ ਫ਼ਰਿਆਦੀ ਹੂਆ ਗੁਰੂ ਜੀ ਇਸੇ ਧੀਰਜ ਦਈ, ਬਚਨ ਹੋਆ ਤੁਸਾਂ ਦੀ ਰਕਸ਼ਾ ਬਾਬਾ ਨਾਨਕ ਜੀ ਕਰੇਗਾ।*"[12]

ਬਚਿਤ੍ਰ ਨਾਟਕ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ 'ਧਰਮ ਹੇਤਿ ਸਾਕਾ ਜਿਨਿ ਕੀਆ' ਲਿਖ ਕੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਧਰਮ ਦੀ ਰੱਖਿਆ ਲਈ ਹੋਈ ਸੀ ਨਾ ਕਿ ਕਿਸੇ ਰਾਜਨੀਤਿਕ

---

[10] ਕ੍ਰਿਪਾ ਰਾਮ ਬਾਅਦ ਵਿਚ ਗੁਰੂ ਗੋਬਿੰਦ ਸਿੰਘ ਜੀ ਦਾ ਅਧਿਆਪਕ ਵੀ ਰਿਹਾ ਤੇ ਮੋਹਰੀ ਸਿੱਖਾਂ ਵਿਚ ਹੋ ਕੇ ਮਹੱਤਵਪੂਰਣ ਯੋਗਦਾਨ ਦਿੰਦਾ ਰਿਹਾ। ਇਹੋ ਕ੍ਰਿਪਾ ਰਾਮ ਅੰਮ੍ਰਿਤ ਛਕ ਕੇ ਕ੍ਰਿਪਾ ਸਿੰਘ ਬਣਿਆ ਤੇ ਚਮਕੌਰ ਦੇ ਯੁੱਧ ਵਿਚ ਸ਼ਹੀਦੀ ਪ੍ਰਾਪਤ ਕੀਤੀ। (*ਗੁਰੂ ਤੇਗ ਬਹਾਦਰ: ਜੀਵਨ, ਸੰਦੇਸ਼ ਤੇ ਸ਼ਹਾਦਤ*, ਤਾਰਨ ਸਿੰਘ (ਸੰਪਾ.), ਪੰਨਾ 201, ਪਿਆਰਾ ਸਿੰਘ ਪਦਮ ਦੇ ਲੇਖ ਵਿਚੋਂ)

[11] *ਗੁਰੂ ਕੀਆਂ ਸਾਖੀਆਂ*, ਪਿਆਰਾ ਸਿੰਘ ਪਦਮ (ਸੰਪਾ.), ਪੰਨੇ 78-79

[12] *ਭੱਟ ਵਹੀ ਮੁਲਤਾਨੀ ਸਿੰਧੀ, ਖਾਤਾ ਬਲਉਤੋਂ ਕਾ* ਉਧਰਿਤ *ਨਾਨਕ ਪ੍ਰਕਾਸ਼ ਪਤ੍ਰਿਕਾ*, ਜੂਨ-ਦਸੰਬਰ 1975, ਪੰਨੇ 85-86

ਕਰਕੇ। ਉਪਰੋਕਤ ਗਵਾਹੀਆਂ ਵਿਚੋਂ ਗੁਰੂ ਜੀ ਦੀ ਸ਼ਹੀਦੀ ਦਾ ਕਾਰਨ ਸਪੱਸ਼ਟ ਹੋਣ ਦੇ ਬਾਵਜੂਦ ਵੀ ਮੰਨੇ-ਪ੍ਰਮੰਨੇ ਸਿੱਖ ਇਤਿਹਾਸਕਾਰ ਡਾ. ਫ਼ੌਜਾ ਸਿੰਘ ਨੇ ਗੁਲਾਮ ਹੁਸੈਨ ਦੀ ਕ੍ਰਿਤ *'ਸੀਅਰ-ਉਲ-ਮੁਤਾਖ਼ਰੀਨ'*[13] ਵਰਗੀ ਅਭਰੋਸੇਯੋਗ ਰਚਨਾ ਨੂੰ ਆਧਾਰ ਬਣਾ ਕੇ ਇਹ ਸਾਬਿਤ ਕਰਨ ਦੀ ਅਸਫਲ ਕੋਸ਼ਿਸ਼ ਕੀਤੀ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਔਰੰਗਜ਼ੇਬ ਦੇ ਰਾਜ ਵਿਚ ਰਾਜਨੀਤਿਕ ਗੜਬੜ ਪੈਦਾ ਕਰਨ ਦੀ ਰਾਜਨੀਤਿਕ ਸਜ਼ਾ ਦਿੱਤੀ ਗਈ ਸੀ। ਇਸ ਗੱਲ ਦਾ ਆਧਾਰ ਡਾ. ਫ਼ੌਜਾ ਸਿੰਘ ਨੇ ਮੀਰ ਗੁਲਾਮ ਹੁਸੈਨ ਖਾਨ ਦੀ ਲਿਖਤ *'ਸੀਅਰ-ਉਲ-ਮੁਤਾਖ਼ਰੀਨ'* ਦੇ ਅੰਗਰੇਜ਼ੀ ਅਨੁਵਾਦ ਨੂੰ ਬਣਾਇਆ ਜਿਸ ਦਾ ਕੁਝ ਹਿੱਸਾ ਇਸ ਪ੍ਰਕਾਰ ਹੈ-

*"The Ninth in Succession from Angad was one Teg Bahadur, who drew multitude after him, all of whom, as well as their leader, used to go armed. Finding himself at the head of so many thousand people, he aspired to Sovereignty and united himself to one Adam Hafiz, a Mussulman dervish of the Fraternity of Shah Ahmed Serhindy. These two Person no sooner saw themselves at the head of many followers they began to plunder and to lay waste the whole Province of Penjab; For Whilst Teg Bhadur levied contributions on Hindus, Hafiz Adam did the same upon the Mussulmans……Some time after this, Teg Bahadur suffered death; and his body being cut into four quarters, was expored at the four gates of the fortress of*

---

[13] ਪਰਸੀਅਨ ਭਾਸ਼ਾ ਵਾਲੀ ਇਸ ਲਿਖਤ ਨੂੰ ਸੰਨ 1786 ਈ. ਵਿਚ ਪ੍ਰਕਾਸ਼ਿਤ ਕੀਤਾ ਗਿਆ ਜਿਸ ਦਾ ਅੰਗਰੇਜੀ ਅਨੁਵਾਦ ਮਦਰਾਸ ਸੈਨਾ ਦੇ ਲੈਫ. ਕਨਰਲ JOHN BRIGGS ਦੁਆਰਾ 1831 ਈ. ਵਿਚ ਕੀਤਾ ਗਿਆ। ਇਸ ਅਨੁਵਾਦ ਦਾ ਪ੍ਰਿੰਟ ORIENTEL TRANSLATION FUND OF GREAT BRITAIN AND IRELAND, LONDON ਨੇ ਕੀਤਾ।

*Gwaliar.”* [14]

ਇਸ ਅਨੁਵਾਦ ਨੂੰ ਪੜ੍ਹ ਕੇ ਪਾਠਕ ਆਪ ਹੀ ਅੰਦਾਜ਼ਾ ਲਗਾ ਸਕਦੇ ਹਨ ਇਸ ਦੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਆਦਮ ਹਾਫਿਜ[15] ਨਾਲ ਮਿਲ ਕੇ ਲੋਕਾਂ ਕੋਲੋਂ ਜਬਰਦਸਤੀ ਧਨ ਇੱਕਠਾ ਕਰਨ, ਧੀਆਂ ਭੈਣਾਂ ਦੀ ਬੇਪਤੀ ਕਰਨ ਅਤੇ ਗੁਰੂ ਜੀ ਦੀ ਸ਼ਹੀਦੀ ਤੋਂ ਬਾਅਦ ਉਨ੍ਹਾਂ ਦੇ ਸਰੀਰ ਦੇ ਚਾਰ ਹਿੱਸੇ ਕਰਕੇ ਗਵਾਲੀਅਰ ਦੇ ਕਿਲ੍ਹੇ ਦੇ ਚਾਰ ਗੇਟਾਂ ਤੇ ਲਟਕਾਉਣ ਵਾਲੀ ਗੱਲ, ਇਤਿਹਾਸਕ ਪ੍ਰਮਾਣਿਕਤਾ ਦੇ ਨੇੜੇ-ਤੇੜੇ ਵੀ ਨਹੀਂ ਪ੍ਰੰਤੂ ਫਿਰ ਵੀ ਡਾ. ਫ਼ੌਜਾ ਸਿੰਘ ਨੇ ਇਸੇ ਲਿਖਤ ਨੂੰ ਮਹੱਤਵਪੂਰਨ ਇਤਿਹਾਸਕਤਾ ਪ੍ਰਦਾਨ ਕਰਦੇ ਹੋਏ*‘Execution of Guru Teg Bhadur-A New Look’* [16] ਦੇ ਸਿਰਲੇਖ ਹੇਠ ਇਕ ਲੇਖ ਛਪਵਾਇਆ ਜਿਸ ਨੂੰ ਪੜ੍ਹ ਕੇ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਜਿਵੇਂ ਉਹ ਮੁਗ਼ਲ ਹਕੂਮਤ ਵੱਲੋਂ ਗੁਰੂ ਸਾਹਿਬ ਦੀ ਸ਼ਹੀਦੀ ਬਾਰੇ ਵਾਈਟ ਪੇਪਰ ਲਿਖ ਰਹੇ ਹੋਣ। ਇਸ ਲੇਖ ਨੂੰ ਪੜ੍ਹ ਕੇ ਇਹ ਵਿਚਾਰ ਸਾਹਮਣੇ ਆਉਂਦਾ ਹੈ ਕਿ ਡਾ. ਫ਼ੌਜਾ ਸਿੰਘ ਅਨੁਸਾਰ ਗੁਰੂ ਜੀ ਦੀ ਸ਼ਹੀਦੀ ਦਾ ਕੋਈ ਧਾਰਮਿਕ ਕਾਰਨ ਨਹੀਂ ਸੀ ਸਗੋਂ ਉਹ ਮੁਗ਼ਲ ਹਕੂਮਤ ਦੇ ਰਾਜਨੀਤਿਕ ਦੋਸ਼ੀ ਸਨ ਜਿਨ੍ਹਾਂ ਨੂੰ ਉਸ ਸਮੇਂ ਦੇ ਕਾਨੂੰਨ ਅਨੁਸਾਰ ਮੌਤ ਦੀ ਸਜ਼ਾ ਦਿੱਤੀ ਗਈ। ਇਸ ਲੇਖ ਸੰਬੰਧੀ ਇਕ ਗੱਲ ਹੋਰ ਉੱਭਰ

---

[14] MIR GHOLAM HUSSAIN KHAN, *SIYAR-UL-MUTAKHREEN*, Collacted and Revised by JOHN BRIGGS, 1831 AD, P. 112-113

[15] ਡਾ. ਗੰਡਾ ਸਿੰਘ ਅਨੁਸਾਰ ਹਾਫਿਜ ਆਦਮ ਦੀ ਮੌਤ ਗੁਰੂ ਜੀ ਦੇ ਗੁਰਗੱਦੀ ’ਤੇ ਬੈਠਣ ਤੋਂ 21 ਸਾਲ ਪਹਿਲਾਂ (ਦਸੰਬਰ, 1643 ਈ. ਵਿਚ) ਹੀ ਚੁੱਕੀ ਸੀ ਜਿਸ ਨੂੰ ਸ਼ਾਹਜਹਾਂ ਦੁਆਰਾ ਦੇਸ਼ ਨਿਕਾਲਾ ਦੇ ਕੇ ਮੱਕੇ ਭੇਜਿਆ ਗਿਆ ਸੀ ਨਾ ਕਿ ਔਰੰਗਜ਼ੇਬ ਦੁਆਰਾ। ਇਸ ਲਈ ਗੁਰੂ ਤੇਗ ਬਹਾਦਰ ਜੀ ਦੁਆਰਾ ਉਸ ਨਾਲ ਮਿਲ ਕੇ ਜਬਰੀ ਧਨ ਇਕੱਠਾ ਕਰਨ ਵਾਲੀ ਉੱਕਾ ਹੀ ਨਿਰਮੂਲ ਹੈ। (*ਗੁਰੂ ਤੇਗ ਬਹਾਦਰ ਸਿਮ੍ਰਿਤੀ ਅੰਕ*, 1975, ਪੰਨਾ 40)

[16] *JOURNAL OF SIKH STUDIES,* Vol.I, no. 1, February 1974, P. 79-89

ਕੇ ਸਾਹਮਣੇ ਆਉਂਦੀ ਹੈ ਕਿ ਇਹ ਲੇਖ, ਡਾ. ਫ਼ੌਜਾ ਸਿੰਘ ਦੀਆਂ ਆਪਣੀਆਂ ਪਹਿਲੀਆਂ ਲਿਖਤਾਂ ਦੇ ਵਿਚਾਰਾਂ ਨਾਲੋਂ ਕਈ ਪੱਖਾਂ ਤੋਂ ਬਿਲਕੁਲ ਉਲਟ ਸੀ। ਉਦਾਹਰਣ ਵਜੋਂ ਉਨ੍ਹਾਂ ਨੇ ਆਪਣੀ ਲਿਖਤਾਂ ਵਿਚ ਔਰੰਗਜ਼ੇਬ ਨੂੰ ਹਿੰਦੂ ਧਰਮ ਦਾ ਵਿਰੋਧੀ[17], ਕਸ਼ਮੀਰੀ ਪੰਡਤਾਂ ਦਾ ਸ੍ਰੀ ਗੁਰੂ ਤੇਗ ਬਹਾਦਰ ਜੀ ਕੋਲ ਫਰਿਆਦ ਲੈ ਕੇ ਆਉਣਾ[18], ਧਰਮ ਦੇ ਅਧਿਕਾਰਾਂ ਦੀ ਆਜ਼ਾਦੀ ਲਈ ਗੁਰੂ ਸਾਹਿਬ ਦੀ ਸ਼ਹੀਦੀ ਹੋਣਾ[19] ਆਦਿ ਤੱਥਾਂ ਨੂੰ ਹਵਾਲਿਆਂ ਸਹਿਤ ਪ੍ਰਮਾਣਿਤ ਕੀਤਾ ਹੈ ਪ੍ਰੰਤੂ ਇਸ ਲੇਖ ਵਿਚ ਔਰੰਗਜ਼ੇਬ ਹਿੰਦੂ ਧਰਮ ਦਾ ਵਿਰੋਧੀ ਨਾ ਰਿਹਾ[20], ਕਸ਼ਮੀਰੀ ਪੰਡਤਾਂ ਵਾਲੀ ਘਟਨਾ ’ਤੇ ਕਿੰਤੂ ਪ੍ਰੰਤੂ[21] ਅਤੇ ਗੁਰੂ ਸਾਹਿਬ ਦੀ ਸ਼ਹੀਦੀ ਦਾ ਸਿਆਸੀ ਸਜ਼ਾ ਵਿਚ ਬਦਲ ਜਾਣਾ[22] ਉਨ੍ਹਾਂ ਦੇ ਇਸ ਲੇਖ ਬਾਰੇ ਦੁਬਿਧਾ ਪੈਦਾ ਕਰਦੇ ਹਨ। ਇਸੇ ਪ੍ਰਕਾਰ ਦੇ ਵਿਚਾਰਾਂ ਦੀ ਪ੍ਰੋੜ੍ਹਤਾ ਕਰਨ ਵਾਲਾ ਇਕ ਹੋਰ ਲੇਖ *‘The Martyardom of Guru Tegh Bhadur’*[23] ਦੇ ਸਿਰਲੇਖ ਹੇਠ ਵੀ ਡਾ. ਫ਼ੌਜਾ ਸਿੰਘ ਵਲੋਂ ਛਪਵਾਇਆ ਗਿਆ। ਇਸ ਤਰ੍ਹਾਂ ਦੀਆਂ ਗੈਰ-ਸਿਧਾਂਤਕ ਅਤੇ ਗੈਰ-ਇਤਿਹਾਸਕ ਗੱਲਾਂ ਗੁਰੂ ਸਾਹਿਬ ਦੀ ਸ਼ਹਾਦਤ ਦੇ ਨਾਲ-ਨਾਲ ਉਨ੍ਹਾਂ ਦੀ ਰੂਹਾਨੀ ਸਖਸ਼ੀਅਤ ’ਤੇ ਵੀ ਸਿੱਧਾ ਹਮਲਾ ਸਨ ਜਿਸ ਦਾ ਉਸ ਸਮੇਂ ਦੀ ਸਿੱਖ ਅਕਾਦਮਿਕਤਾ ਵੱਲੋਂ ਬੜਾ ਤਿੱਖਾ ਵਿਰੋਧ ਹੋਇਆ। ਪ੍ਰੋਫ਼ੈਸਰ ਆਫ ਸਿੱਖਇਜਮ

---

[17] ਫ਼ੌਜਾ ਸਿੰਘ ਅਤੇ ਤਾਰਨ ਸਿੰਘ, *ਸ੍ਰੀ ਗੁਰੂ ਤੇਗ ਬਹਾਦਰ: ਜੀਵਨ ਤੇ ਰਚਨਾ,* ਪੰਨੇ 58-66

[18] ਉਹੀ, ਪੰਨਾ 78

[19] ਉਹੀ, ਪੰਨੇ 95-98

[20] *JOURNAL OF SIKH STUDIES,* Vol.I, no. 1, February 1974, P. 81

[21] ਉਹੀ।

[22] ਉਹੀ, ਪੰਨੇ 87-89

[23] *THE PUJAB PAST AND PRERENT*, VOL. IX-I, April 1975, P. 137-157

ਸਿਰਦਾਰ ਕਪੂਰ ਸਿੰਘ ਨੇ ਇਨ੍ਹਾਂ ਗੱਲਾਂ ਦਾ ਜਵਾਬ ਆਪਣੇ ਲੇਖਾਂ '*ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਅਤੇ ਨਵੀਨ ਸਿੱਖਾਂ ਦੀ ਕੁਚੇਸ਼ਟਾ*'[24] ਅਤੇ '*Who Killed Guru Teg Bhadur?*[25] ਆਦਿ ਲੇਖਾਂ ਵਿਚ ਬੜੇ ਦਲੀਲਪੂਰਨ ਢੰਗ ਅਤੇ ਸਖ਼ਤ ਸ਼ਬਦਾਂ ਵਿਚ ਦਿੱਤਾ। ਉਨ੍ਹਾਂ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸੈਨੇਟ ਹਾਲ ਵਿਚ ਖੋਜ ਪੇਪਰ ਪ੍ਰਸਤੁਤ ਕਰਕੇ[26] ਡਾ. ਫ਼ੌਜਾ ਸਿੰਘ ਦੀਆਂ ਦਲੀਲਾਂ ਨੂੰ ਰੱਦ ਕੀਤਾ ਅਤੇ ਡਾ. ਗੰਡਾ ਸਿੰਘ ਦੇ ਸਵਾਲਾਂ ਦਾ ਜਵਾਬ ਦੇ ਕੇ ਉਨ੍ਹਾਂ ਨੂੰ ਸੰਤੁਸ਼ਟ ਕੀਤਾ।[27] ਸਿੱਖ ਵਿਸ਼ਵਾਸ਼ ਅਤੇ ਸਿੱਖ ਸਿਧਾਂਤਾਂ 'ਤੇ ਕਿੰਤੂ ਕਰਨ ਵਾਲੇ ਇਸ ਪ੍ਰਕਾਰ ਦੇ ਵਿਚਾਰਾਂ ਦੇ ਸੰਬੰਧ ਵਿਚ ਡਾ. ਫ਼ੌਜਾ ਸਿੰਘ ਨੂੰ ਆਖਰਕਾਰ ਅਕਾਲ ਤਖਤ ਸਾਹਿਬ ਪਾਸੋਂ ਮਾਫੀ ਮੰਗ ਕੇ ਪੰਥ ਦੇ ਗੁੱਸੇ ਨੂੰ ਸ਼ਾਂਤ ਕਰਨਾ ਪਿਆ।[28]

ਡਾ. ਫੌਜਾ ਸਿੰਘ ਦੁਆਰਾ ਆਪਣੀਆਂ ਲਿਖਤਾਂ ਦਾ ਆਧਾਰ ਬਣਾਉਣ ਵਾਲੀ ਲਿਖਤ *'ਸੀਅਰ-ਉਲ-ਮੁਤਾਖ਼ਰੀਨ'* ਦੇ ਇਸ ਅਨੁਵਾਦ ਨੂੰ ਇਤਿਹਾਸਕਾਰ ਡਾ. ਗੰਡਾ ਸਿੰਘ ਇਤਿਹਾਸਕ ਭੁੱਲ ਅਤੇ ਸਥਿਤੀ ਨੂੰ ਵਿਗਾੜ ਦੇਣ ਵਾਲਾ ਕਹਿੰਦੇ ਹੋਏ ਲਿਖਦੇ ਹਨ- *"These Translation run quite wide of the mark and have come to do great injustice to the subject they deal. This is Particulry the case with the account of Sikhs where the author's anachoronisem has also conspired with the translation*

---

[24] *ਮਾਨਸਰੋਵਰ* (ਵੀਕਲੀ), 7-14 ਦਸੰਬਰ, 1975, ਪੰਨੇ 32-34

[25] *THE SIKH REVIEW,* January 1976, P. 104 (i)- 104(xii)

[26] ਸਿਰਦਾਰ ਕਪੂਰ ਸਿੰਘ ਦੁਆਰਾ ਇਹ ਪੇਪਰ 5 ਜਨਵਰੀ, 1976 ਨੂੰ ਪੜ੍ਹਿਆ ਗਿਆ।

[27] ਹਰਪਾਲ ਸਿੰਘ ਪੰਨੂ, *ਸਵੇਰ ਤੋਂ ਸ਼ਾਮ ਤੱਕ,* ਪੰਨਾ 137

[28] ਉਹੀ।

*to worse the situation.”* [29] ਉਨ੍ਹਾਂ ਨੇ ਇਸ ਗੱਲ ਨੂੰ ਵੀ ਪ੍ਰਮਾਣਿਤ[30] ਕੀਤਾ ਕਿ ਇਸ ਦਾ ਫ਼ਾਰਸੀ ਤੋਂ ਅੰਗਰੇਜੀ ਅਨੁਵਾਦ ਕਰਨ ਵੇਲੇ ਬਹੁਤ ਸਾਰੀਆਂ ਗਲਤੀਆਂ ਹੋਈਆਂ ਹਨ ਜਿਨ੍ਹਾਂ ਨੂੰ ਠੀਕ ਕਰ ਕੇ ਉਨ੍ਹਾਂ ਨੇ ਸਹੀ ਅਨੁਵਾਦ ਪਾਠਕਾਂ ਸਾਹਮਣੇ ਪ੍ਰਸਤੁਤ ਕੀਤਾ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਬਾਰੇ ਲਿਖੇ ਗਏ ਗੁਲਾਮ ਹੁਸੈਨ ਦੇ ਅਜਿਹੇ ਵਿਚਾਰਾਂ ਬਾਰੇ ਮੈਕਾਲਫ ਲਿਖਦਾ ਹੈ- “ਮੁਸਲਮਾਨ ਲੇਖਕ ਦੇ ਬਿਆਨ ਕੀਤੇ ਹੋਏ ਸਮਾਚਾਰ ਗੁਰੂ ਜੀ ਦੇ ਜੀਵਨ ਅਤੇ ਉਨ੍ਹਾਂ ਦੀ ਬਾਣੀ ਨਾਲ ਉੱਕਾ ਹੀ ਮੇਲ ਨਹੀਂ ਖਾਂਦੇ ਅਤੇ ਇਨ੍ਹਾਂ ਨੂੰ ਇਤਿਹਾਸ ਸਮਝ ਕੇ ਪ੍ਰਵਾਨ ਨਹੀਂ ਕੀਤਾ ਜਾ ਸਕਦਾ।”[31] ‘ਸੀਅਰ-ਉਲ-ਮੁਤਾਖ਼ਰੀਨ’ ਨਾਮਕ ਇਸ ਲਿਖਤ ਤੋਂ ਇਲਾਵਾ ਡਾ. ਫ਼ੌਜਾ ਸਿੰਘ ਵੱਲੋਂ *‘ਮਆਸਿਰੀ ਆਲਮਗਿਰੀ’* ਨਾਮਕ ਲਿਖਤ ਰਾਹੀਂ ਸਿੱਖ ਸ੍ਰੋਤ ਗ੍ਰੰਥਾਂ ਨੂੰ ਅਣਗੋਲਿਆ ਕਰ ਕੇ, ਸ਼ਹੀਦੀ ਸਮੇਂ ਔਰੰਗਜ਼ੇਬ ਦੀ ਦਿੱਲੀ ਵਿਚ ਗੈਰ-ਮੌਜੂਦਗੀ ਵੀ ਦਰਸਾਈ ਗਈ ਜਿਸ ਸੰਬੰਧੀ ਵਿਚਾਰ ਲੇਖ ਵਿਚ ਅੱਗੇ ਜਾ ਕੇ ਕੀਤੀ ਜਾਵੇਗੀ।

ਇਸ ਤੋਂ ਅਗਲਾ ਪੱਖ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਗ੍ਰਿਫ਼ਤਾਰੀ ਦੇ ਸਥਾਨ ਸੰਬੰਧੀ ਹੈ ਕਿ ਸ਼ਹੀਦੀ ਤੋਂ ਪਹਿਲਾਂ ਉਨ੍ਹਾਂ ਦੀ ਗ੍ਰਿਫ਼ਤਾਰੀ ਕਿਸ ਸਥਾਨ ਤੋਂ ਹੋਈ। ਜੇਕਰ ਅਸੀਂ ਇਤਿਹਾਸਕ ਸ੍ਰੋਤਾਂ ਵਿਚੋਂ ਉਨ੍ਹਾਂ ਦੀ ਗ੍ਰਿਫ਼ਤਾਰੀ ਲੱਭਣ ਦਾ ਯਤਨ ਕਰਦੇ ਹਾਂ ਤਾਂ ਤਿੰਨ ਗ੍ਰਿਫ਼ਤਾਰੀਆਂ ਸਾਹਮਣੇ ਆਉਂਦੀਆਂ ਹਨ। ਭੱਟ ਵਹੀ

---

[29] ਨਾਨਕ ਪ੍ਰਕਾਸ਼ ਪਤ੍ਰਿਕਾ, ਜੂਨ-ਦਸੰਬਰ 1975, ਪੰਨਾ 95

[30] ਨਾਨਕ ਪ੍ਰਕਾਸ਼ ਪਤ੍ਰਿਕਾ, ਜੂਨ-ਦਸੰਬਰ 1975, ਪੰਨਾ 95

[31] Macauliffe, Max Arthur, *The Sikh Religion: Its Gurus, sacred Writings and Authors*, Vol. iv, P.332 ਉਧਰਿਤ ਇੰਦੂਭੂਸ਼ਣ ਬੈਨਰਜੀ, *ਖਾਲਸੇ ਦੀ ਉਤਪਤੀ*, ਭਾਗ ਦੂਜਾ, ਪੰਨਾ 62

ਜਾਦੋਬੰਸੀਆ[32] ਅਤੇ ਗੁਰੂ ਕੀਆਂ ਸਾਖੀਆਂ[33] ਅਨੁਸਾਰ ਗੁਰੂ ਸਾਹਿਬ ਦੀ ਪਹਿਲੀ ਗ੍ਰਿਫ਼ਤਾਰੀ ਕੱਤਕ ਸੁਦੀ 11, 1722 ਬਿਕਰਮੀ (1665 ਈ.) ਨੂੰ ਧਮਤਾਨ ਸਾਹਿਬ (ਮੌਜੂਦਾ ਸਮੇਂ ਵਿਚ ਹਰਿਆਣਾ ਪ੍ਰਾਂਤ ਦੇ ਜੀਂਦ ਜ਼ਿਲ੍ਹੇ ਦਾ ਹਿੱਸਾ) ਨਾਮ ਦੇ ਸਥਾਨ ਤੋਂ ਹੋਈ। ਇਸ ਗ੍ਰਿਫ਼ਤਾਰੀ ਤੋਂ ਇਲਾਵਾ ਗੁਰੂ ਸਾਹਿਬ ਦੀਆਂ ਦੋ ਹੋਰ ਗ੍ਰਿਫ਼ਤਾਰੀਆਂ ਦਾ ਜ਼ਿਕਰ ਪ੍ਰਾਪਤ ਹੁੰਦਾ ਹੈ ਜਿਨ੍ਹਾਂ ਦਾ ਸੰਬੰਧ ਗੁਰੂ ਸਾਹਿਬ ਦੀ ਸ਼ਹੀਦੀ ਤੋਂ ਪਹਿਲਾਂ ਵਾਲੀ ਗ੍ਰਿਫ਼ਤਾਰੀ ਨਾਲ ਜੋੜਿਆ ਜਾਂਦਾ ਹੈ। ਭਾਈ ਸੰਤੋਖ ਸਿੰਘ[34] ਅਤੇ ਗਿਆਨੀ ਗਿਆਨ ਸਿੰਘ[35] ਅਨੁਸਾਰ ਗੁਰੂ ਸਾਹਿਬ ਜੀ ਨੂੰ ਸ਼ਹੀਦੀ ਤੋਂ ਪਹਿਲਾਂ ਆਗਰੇ ਤੋਂ ਗ੍ਰਿਫ਼ਤਾਰ ਕੀਤਾ ਗਿਆ ਜਿੱਥੇ ਗੁਰੂ ਸਾਹਿਬ ਜੀ ਨੇ ਆਪਣੇ ਆਪ ਨੂੰ ਅਨੋਖੇ ਢੰਗ[36] ਨਾਲ ਪ੍ਰਗਟ ਕੀਤਾ। ਦੂਸਰੇ ਮਤ ਅਨੁਸਾਰ ਗੁਰੂ ਸਾਹਿਬ ਨੂੰ 12 ਜੁਲਾਈ, 1675 ਈ. ਨੂੰ ਰੋਪੜ ਦੇ ਨੇੜੇ ਮਲਕਪੁਰ ਰੰਘੜਾਂ ਨਾਮਕ ਸਥਾਨ ਤੋਂ ਗ੍ਰਿਫ਼ਤਾਰ ਕਰ ਕੇ ਬੱਸੀ ਪਠਾਨਾਂ ਨਾਮਕ ਸਥਾਨ ਵਿਚ ਕੈਦ ਰੱਖਣ ਤੋਂ ਬਾਅਦ ਦਿੱਲੀ ਭੇਜਿਆ ਗਿਆ। ਭੱਟ ਵਹੀ ਤਲਉਂਡਾ ਅਨੁਸਾਰ[37]

---

[32] *ਭੱਟ ਵਹੀ ਜਾਦੋਬੰਸੀਆਂ, ਖਾਤਾ ਕਨਾਵਤ ਬੜਤੀਓਂ ਕਾ* ਉਧਰਿਤ *ਨਾਨਕ ਪ੍ਰਕਾਸ਼ ਪਤ੍ਰਿਕਾ*, ਜੂਨ-ਦਸੰਬਰ 1975, ਪੰਨੇ 83-84

[33] *ਗੁਰੂ ਕੀਆਂ ਸਾਖੀਆਂ,* ਪਿਆਰਾ ਸਿੰਘ ਪਦਮ (ਸੰਪਾ.), ਪੰਨੇ 73-74

[34] *ਸ੍ਰੀ ਗੁਰ ਪ੍ਰਤਾਪ ਗ੍ਰੰਥ* , ਜਿਲਦ ਗਿਆਰਵੀਂ, ਰਾਸਿ 12, ਅੰਸੂ 37, ਪੰਨੇ 4369-4372

[35] *ਤਵਾਰੀਖ ਗੁਰੂ ਖਾਲਸਾ* (ਡਿਜੀਟਲ ਪ੍ਰਕਾਸ਼ਨ), ਪ੍ਰਕਾਸ਼ਕ ਭਾਈ ਬਲਜਿੰਦਰ ਸਿੰਘ (ਰਾੜਾ ਸਾਹਿਬ), ਪੰਨੇ 59-60

[36] ਸਿੱਖ ਸ੍ਰੋਤਾਂ ਅਨੁਸਾਰ ਗੁਰੂ ਜੀ ਨੇ ਆਗਰੇ ਦੇ ਇਕ ਬਾਗ ਵਿਚੋਂ ਹਸਨ ਅਲੀ ਨਾਮਕ ਮੁਸਮਲਾਨ ਆਜੜੀ ਨੂੰ ਮਿਠਾਈ ਖਰੀਦਣ ਲਈ ਕੀਮਤੀ ਦੁਸ਼ਾਲਾ ਤੇ ਕੀਮਤੀ ਅੰਗੂਠੀ ਦੇ ਕੇ ਮੁਗ਼ਲ ਫੌਜਾਂ ਨੂੰ ਬਾਗ ਵਿਚ ਆਪਣੀ ਹੋਂਦ ਦਾ ਅਹਿਸਾਸ ਕਰਵਾ ਕੇ ਗ੍ਰਿਫ਼ਤਾਰੀ ਦਿੱਤੀ।

[37] *ਭੱਟ ਵਹੀ ਤਲਾਉਂਡਾ, ਪਰਗਨਾ ਜੀਂਦ* ਉਧਰਿਤ *ਨਾਨਕ ਪ੍ਰਕਾਸ਼ ਪਤ੍ਰਿਕਾ,* ਜੂਨ-ਦਸੰਬਰ 1975, ਪੰਨਾ 86

ਸਾਵਣ ਪਰਵਿਸ਼ਟੇ 12 ਸੰਮਤ 1732 ਬਿਕਰਮੀ (12 ਜੁਲਾਈ, 1675 ਈ.) ਭਾਵ ਸ਼ਹੀਦੀ ਲਈ ਅਨੰਦਪੁਰ ਸਾਹਿਬ ਤੋਂ ਰਵਾਨਾ ਹੋਣ ਤੋਂ ਅਗਲੇ ਦਿਨ ਮਲਕਪੁਰ ਰੰਘੜਾਂ ਨਾਮਕ ਸਥਾਨ ਤੋਂ ਮਿਰਜ਼ਾ ਨੂਰ ਮੁਹੰਮਦ ਖਾਨ ਦੁਆਰਾ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਨਾਲ ਤਿੰਨ ਗੁਰਸਿੱਖਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸ ਤੋਂ ਬਾਅਦ ਉਨ੍ਹਾਂ ਨੂੰ 4 ਮਹੀਨੇ ਬੱਸੀ ਪਠਾਨਾਂ ਅਤੇ ਅੱਠ ਦਿਨ ਦਿੱਲੀ ਵਿਖੇ ਕੈਦ ਵਿਚ ਰੱਖਿਆ ਗਿਆ। ਇਸ ਦਾ ਜ਼ਿਕਰ ਭੱਟ ਵਹੀ ਮੁਲਤਾਨੀ ਸਿੰਧੀ ਵਿਚ ਇਸ ਪ੍ਰਕਾਰ ਪ੍ਰਾਪਤ ਹੁੰਦਾ ਹੈ-

*"ਗੁਰੂ ਤੇਗ ਬਹਾਦਰ ਜੀ ਮਹਿਲ ਨਾਮਾ......ਕੋ ਨੂਰ ਮੁਹੰਮਦ ਖਾਂ ਮਿਰਜਾ ਚਉਕੀ ਰੋਪੜ ਵਾਲੇ ਨੇ ਸਾਲ ਸਤਰਾ ਸੇ ਬੱਤੀਸ ਸਾਵਣ ਪਰਵਿਸ਼ਟੇ ਬਾਰਾਂ ਕੇ ਦਿਹੁ ਗਾਉਂ ਮਲਕਪੁਰ ਰੰਘੜਾ ਪ੍ਰਗਨਾ ਘਨੌਲਾ ਸੇ ਪਕੜ ਕੇ ਸਰਹੰਦ ਪੁੰਚਾਇਆ। ਗੈਲੋ ਦੀਵਾਨ ਮਤੀ ਦਾਸ, ਸਤੀ ਦਾਸ ਬੇਟਾ ਹੀਰਾ ਮਲ ਛਿਬਰ ਕੇ, ਗੈਲ ਦਿਆਲ ਦਾਸ ਬੇਟਾ ਮਾਈ ਦਾਸ ਬਲਉਂਡ ਦਾ ਪਕੜਿਆ ਆਇਆ। ਗੁਰੂ ਜੀ ਚਾਰ ਮਾਸ ਬੱਸੀ ਪਠਾਨਾਂ ਕੇ ਬੰਦੀਖਾਨੇ ਬੰਦ ਰਹੇ, ਆਠ ਦਿਵਸ ਦਿੱਲੀ ਕੋਤਵਾਲੀ ਮੇਂ ਬੰਦ ਰਾਖੇ।"* [38]

ਕੇਸਰ ਸਿੰਘ ਛਿੱਬਰ[39] ਨੇ ਵੀ ਭੱਟ ਵਹੀਆਂ ਵਾਲੇ ਵਿਚਾਰ ਦੀ ਹੀ ਪੁਸ਼ਟੀ ਕੀਤੀ ਹੈ। ਇਸ ਦੇ ਆਧਾਰ ਤੇ ਸਾਡੇ ਕਈ ਇਤਿਹਾਸਕਾਰ ਇਸ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਪਹਿਲਾਂ ਵਾਲੀ ਗ੍ਰਿਫ਼ਤਾਰੀ ਮੰਨਦੇ ਹਨ। ਇਨ੍ਹਾਂ ਇਤਿਹਾਸਕਾਰਾਂ ਅਨੁਸਾਰ ਇਸ ਗ੍ਰਿਫ਼ਤਾਰੀ ਤੋਂ ਬਾਅਦ ਗੁਰੂ ਸਾਹਿਬ ਜੀ ਨੂੰ ਬੱਸੀ ਪਠਾਣਾਂ ਵਿਚ ਚਾਰ ਮਹੀਨੇ ਦੀ ਕੈਦ ਤੋਂ ਬਾਅਦ ਦਿੱਲੀ ਲਿਜਾ ਕੇ

---

[38] *ਭੱਟ ਵਹੀ ਮੁਲਤਾਨੀ ਸਿੰਧੀ, ਖਾਤਾ ਬਲਉਤੋਂ ਕਾ* ਉਧਰਿਤ *ਨਾਨਕ ਪ੍ਰਕਾਸ਼ ਪਤ੍ਰਿਕਾ*, ਜੂਨ-ਦਸੰਬਰ 1975, ਪੰਨਾ 86

[39] *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ*, ਰਤਨ ਸਿੰਘ ਜੱਗੀ,ਡਾ. (ਸੰਪਾ.), ਪੰਨਾ 116

ਸ਼ਹੀਦ ਕਰ ਦਿੱਤਾ ਗਿਆ ਪਰੰਤੂ ਇਹ ਵੇਰਵੇ ਸਾਡੀ ਪਰੰਪਰਾ ਅਤੇ ਸਾਡੇ ਸ੍ਰੋਤ ਗ੍ਰੰਥਾਂ ਨਾਲ ਮੇਲ ਨਹੀਂ ਖਾਂਦੇ। ਸਿੱਖ ਰਵਾਇਤ ਅਨੁਸਾਰ ਸ਼ਹੀਦੀ ਤੋਂ ਪਹਿਲਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪੰਜਾਬ ਅਤੇ ਹਰਿਆਣਾ ਦੇ ਅਨੇਕਾਂ ਸਥਾਨਾਂ 'ਤੇ ਮੁਬਾਰਕ ਚਰਨ ਪਾਉਣ ਦੇ ਵੇਰਵੇ ਪ੍ਰਾਪਤ ਹੁੰਦੇ ਹਨ ਅਤੇ ਅਨੇਕਾਂ ਅਸਥਾਨਾਂ ਦੀਆਂ ਸਥਾਨਕ ਪਰੰਪਰਾਵਾਂ, ਗੁਰੂ ਸਾਹਿਬ ਜੀ ਦੇ ਸ਼ਹੀਦੀ ਤੋਂ ਪਹਿਲਾਂ ਕੀਤੇ ਗਏ ਦੌਰੇ ਨਾਲ ਸੰਬੰਧਿਤ ਹਨ। ਸਿੱਖ ਪਰੰਪਰਾ ਵਿਚ ਗੁਰੂ ਸਾਹਿਬ ਜੀ ਦੀ ਸ਼ਹੀਦੀ ਤੋਂ ਪਹਿਲਾਂ ਆਗਰਾ ਤੋਂ ਹੋਣ ਵਾਲੀ ਗ੍ਰਿਫ਼ਤਾਰੀ ਸੰਬੰਧੀ ਇਕ ਤਕੜੀ ਰਵਾਇਤ ਮੌਜੂਦ ਹੈ ਅਤੇ ਗ੍ਰਿਫ਼ਤਾਰੀ ਵਾਲੇ ਸਥਾਨ 'ਤੇ ਗੁਰ ਅਸਥਾਨ ਵੀ ਸੁਭਾਇਮਾਨ ਹੈ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਗੁਰੂ ਸਾਹਿਬ ਦੀ ਸ਼ਹੀਦੀ ਵਾਲੀ ਗ੍ਰਿਫ਼ਤਾਰੀ ਮਲਕਪੁਰ ਰੰਘੜਾ ਤੋਂ ਹੋਈ ਜਾਂ ਆਗਰੇ ਤੋਂ? ਅਸੀਂ ਸਿੱਖ ਸ੍ਰੋਤ ਗ੍ਰੰਥਾਂ ਦੇ ਆਧਾਰ 'ਤੇ ਬਣੇ ਹੋਏ ਆਗਰੇ ਦੀ ਗ੍ਰਿਫ਼ਤਾਰੀ ਵਾਲੇ ਵਿਚਾਰ ਨੂੰ ਵੀ ਐਨੇ ਸੌਖੇ ਤਰੀਕੇ ਨਾਲ ਰੱਦ ਨਹੀਂ ਕਰ ਸਕਦੇ ਅਤੇ ਨਾ ਹੀ ਭੱਟ ਵਹੀਆਂ ਦੇ ਤੱਥਾਂ ਨੂੰ ਅੱਖੋਂ ਓਹਲੇ ਕੀਤਾ ਜਾ ਸਕਦਾ ਹੈ। ਇਨ੍ਹਾਂ ਦੋਵਾਂ ਵਿਚਾਰਾਂ ਦੇ ਆਧਾਰ 'ਤੇ ਜੇਕਰ ਅਸੀਂ ਇਹ ਮੰਨ ਲਈਏ ਕਿ ਧਮਤਾਨ ਸਾਹਿਬ ਤੋਂ ਨਵੰਬਰ 1665 ਈ. ਵਿਚ ਹੋਣ ਵਾਲੀ ਪਹਿਲੀ ਗ੍ਰਿਫ਼ਤਾਰੀ ਤੋਂ ਇਲਾਵਾ ਗੁਰੂ ਸਾਹਿਬ ਜੀ ਦੀਆਂ ਦੋ ਹੋਰ ਗ੍ਰਿਫ਼ਤਾਰੀਆਂ ਹੋਈਆਂ ਤਾਂ ਜ਼ਿਆਦਾ ਗਲਤ ਨਹੀਂ ਹੋਵੇਗਾ, ਬੱਸ ਇਨ੍ਹਾਂ ਦੇ ਸਮੇਂ ਅਤੇ ਘਟਨਾਕ੍ਰਮ ਨੂੰ ਸਮਝਣ ਦੀ ਜ਼ਰੂਰਤ ਹੈ। ਮਲਕਪੁਰ ਰੰਘੜਾਂ ਦੀ ਗ੍ਰਿਫ਼ਤਾਰੀ ਨੂੰ ਪ੍ਰਿੰ. ਸਤਿਬੀਰ ਸਿੰਘ ਨੇ[40] ਮੁਗ਼ਲ ਹਕੂਮਤ ਦੁਆਰਾ ਦਿੱਤੀ ਗਈ ਚੇਤਾਵਨੀ ਕਿਹਾ ਹੈ ਜਿਸ ਤੋਂ ਬਾਅਦ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਗਿਆ। ਇਹ

---

[40] *ਪ੍ਰਿੰ. ਸਤਿਬੀਰ ਸਿੰਘ, ਇਤਿ ਜਿਨਿ ਕਰੀ,* ਪੰਨੇ 171-172

ਵੀ ਸੰਭਵ ਹੈ ਕਿ ਸੰਚਾਰ ਸਾਧਨਾਂ ਦੀ ਘਾਟ ਕਾਰਨ ਭੱਟ ਵਹੀਆਂ ਦੇ ਕਰਤਾ ਨੂੰ ਮਲਕਪੁਰ ਰੰਘੜਾਂ ਵਾਲੀ ਗ੍ਰਿਫ਼ਤਾਰੀ ਤੋਂ ਬਾਅਦ ਗੁਰੂ ਜੀ ਦੀ ਰਿਹਾਈ ਦਾ ਪਤਾ ਨਾ ਲੱਗ ਸਕਿਆ ਹੋਵੇ। ਸਿੱਖ ਸ੍ਰੋਤ ਗ੍ਰੰਥਾਂ ਵਿਚ ਮਲਕਪੁਰ ਰੰਘੜਾਂ ਵਾਲੀ ਗ੍ਰਿਫ਼ਤਾਰੀ ਦੇ ਜ਼ਿਕਰ ਵੀ ਅਣਹੋਂਦ ਦਾ ਵੀ ਇਹੀ ਕਾਰਨ ਹੋ ਸਕਦਾ ਹੈ।

ਭੱਟ ਵਹੀਆਂ ਵਿਚ ਗੁਰੂ ਸਾਹਿਬ ਦੀ ਕੈਦ ਸੰਬੰਧੀ ਜਿਹੜੀ 4 ਮਹੀਨੇ ਦੇ ਸਮੇਂ ਵਾਲੀ ਗੱਲ ਆਉਂਦੀ ਹੈ ਹੋ ਸਕਦਾ ਹੈ ਕਿ ਇਹ ਗੱਲ ਲਾਗੂ ਹੋਣ ਦੀ ਥਾਂ ਕੇਵਲ ਲਿਖਤੀ ਰੂਪ ਤੱਕ ਹੀ ਸੀਮਿਤ ਰਹਿ ਗਈ ਹੋਵੇ, ਬਿਲਕੁਲ ਉਸੇ ਤਰ੍ਹਾਂ ਜਿਵੇਂ ਜਹਾਂਗੀਰ ਦੁਆਰਾ ਗੁਰੂ ਅਰਜਨ ਦੇਵ ਜੀ ਦੇ ਘਰ, ਜਾਇਦਾਦ ਅਤੇ ਪਰਿਵਾਰ ਨੂੰ ਮੁਰਤਜ਼ਾ ਖ਼ਾਨ ਦੇ ਹਵਾਲੇ ਕਰਨ ਦਾ ਹੁਕਮ[41] ਲਿਖਤ ਵਿਚ ਤਾਂ ਆ ਗਿਆ ਪਰ ਲਾਗੂ ਨਾ ਹੋਇਆ।

ਖੈਰ, ਇਸ ਗ੍ਰਿਫ਼ਤਾਰੀ ਤੋਂ ਬਾਅਦ ਗੁਰੂ ਸਾਹਿਬ ਜੀ ਦੀ ਰਿਹਾਈ ਨੂੰ ਪ੍ਰਵਾਨ ਕਰਨ ਨਾਲ ਮਲਕਪੁਰ ਰੰਘੜਾਂ ਜਾਂ ਆਗਰੇ ਵਾਲੀ ਦੁਬਿਧਾ ਲਗਪਗ ਖਤਮ ਹੋ ਜਾਂਦੀ ਹੈ ਕਿਉਂਕਿ ਗੁਰੂ ਸਾਹਿਬ ਜੀ ਦੇ ਸ਼ਹੀਦੀ ਤੋਂ ਪਹਿਲਾਂ ਕੁਝ ਮਹੀਨੇ ਨਵਾਬ ਸੈਫ਼ ਖ਼ਾਨ ਕੋਲ ਠਹਿਰਨ ਦਾ ਸਮਾਂ ਸਿੱਖ ਸ੍ਰੋਤ[42] ਪ੍ਰਵਾਨ ਕਰਦੇ ਹਨ। ਮਲਕਪੁਰ ਰੰਘੜਾਂ ਵਿਚ ਹੋਣ ਵਾਲੀ ਇਹ ਗ੍ਰਿਫ਼ਤਾਰੀ ਗੁਰੂ ਸਾਹਿਬ ਜੀ ਦੀ ਦੂਸਰੀ ਗ੍ਰਿਫ਼ਤਾਰੀ ਸੀ। ਇਸ ਵਿਚਾਰ ਸੰਬੰਧੀ ਅੰਤਿਮ ਨਿਰਣਾ ਵਿਦਵਾਨ

---

[41] *ਤੁਜ਼ਕਿ ਜਹਾਂਗੀਰੀ* ਉਧਰਿਤ *ਸਿੱਖ ਇਤਿਹਾਸ ਬਾਰੇ* ਕ੍ਰਿਤ ਡਾ. ਗੰਡਾ ਸਿੰਘ, ਪੰਨੇ 10-11

[42] (ੳ) ਬਸੇ ਚੁਮਾਸਾ ਸਤਿਗੁਰੂ ਡੇਰਾ ਕੀਨਿ ਮੁਕਾਮ।। ਸੈਫ਼ਦੀਨ ਸੇਵਾ ਕਰਹਿ ਨਿਤ ਪ੍ਰਤਿ ਆਇ ਸਲਾਮ।। (*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਰਾਸਿ 12, ਅੰਸੂ 31, ਪੰਨਾ 4347)

(ਅ) *ਤਵਾਰੀਖ ਗੁਰੂ ਖਾਲਸਾ* ਅਨੁਸਾਰ ਗੁਰੂ ਸਾਹਿਬ 17 ਅੱਸੂ, 1732 ਬਿਕ੍ਰਮੀ (1675 ਈ.) ਤੱਕ ਨਵਾਬ ਸੈਫ਼ਦੀਨ ਕੋਲ ਠਹਿਰੇ।

ਪਾਠਕਾਂ ਅਤੇ ਲੇਖਕਾਂ ਨੇ ਹੀ ਕਰਨਾ ਹੈ।

ਨਵਾਬ ਸੈਫ਼ ਖ਼ਾਨ ਪਾਸੋਂ ਵਿਦਾ ਹੋ ਕੇ ਗੁਰੂ ਸਾਹਿਬ ਜੀ ਪਟਿਆਲਾ, ਸਮਾਣਾ, ਕਰਹਾਲੀ, ਚੀਕਾ, ਕਰ੍ਹਾ, ਪਿਹੋਵਾ, ਰਹੇਲੇ, ਲਾਖਣ ਮਾਜਰਾ, ਰੋਹਤਕ, ਕਨੌੜ ਆਦਿ ਸਥਾਨਾਂ ਤੋਂ ਹੁੰਦੇ ਹੋਏ ਆਗਰਾ ਪਹੁੰਚੇ[43] ਜਿੱਥੇ ਉਨ੍ਹਾਂ ਨੂੰ ਗ੍ਰਿਫ਼ਤਾਰੀ ਤੋਂ ਬਾਅਦ ਦਿੱਲੀ ਲਿਆਂਦਾ ਗਿਆ। ਗੁਰੂ ਸਾਹਿਬ ਜੀ ਦੇ ਨਾਲ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਜਿਨ੍ਹਾਂ ਨੂੰ ਬਾਅਦ ਵਿਚ ਇਸਲਾਮ ਕਬੂਲ ਨਾ ਕਰਨ ਦੇ ਦੋਸ਼ ਵਿਚ ਸ਼ਾਹੀ ਹੁਕਮ ਅਨੁਸਾਰ ਚਾਂਦਨੀ ਚੌਂਕ ਵਿਚ ਗੁਰੂ ਜੀ ਦੀਆਂ ਅੱਖਾਂ ਸਾਹਮਣੇ ਸ਼ਹੀਦ ਕੀਤਾ ਗਿਆ ਤਾਂ ਕਿ ਗੁਰੂ ਜੀ ਵਿਚ ਡਰ ਪੈਦਾ ਕੀਤਾ ਜਾ ਸਕੇ। ਭਾਈ ਮਤੀ ਦਾਸ ਜੀ ਨੂੰ ਵਿਚਕਾਰੋਂ ਆਰੇ ਨਾਲ ਚੀਰ ਕੇ ਦੋਫਾੜ ਕਰਕੇ, ਭਾਈ ਸਤੀ ਦਾਸ ਜੀ ਨੂੰ ਰੂੰ ਨਾਲ ਲਪੇਟਣ ਤੋਂ ਬਾਅਦ ਅੱਗ ਲਗਾ ਕੇ ਅਤੇ ਭਾਈ ਦਿਆਲਾ ਜੀ ਨੂੰ ਦੇਗ ਅੰਦਰ ਉਬਲਦੇ ਪਾਣੀ ਵਿਚ ਬਿਠਾ ਕੇ ਸ਼ਹੀਦ ਕੀਤਾ ਗਿਆ।

ਇੱਥੇ ਆ ਕੇ ਇਕ ਅੰਤਿਮ ਪ੍ਰਸ਼ਨ ਸਾਹਮਣੇ ਆਉਂਦਾ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸਮੇਂ ਔਰੰਗਜ਼ੇਬ ਦਿੱਲੀ ਵਿਚ ਸੀ ਜਾਂ ਹਸਨ ਅਬਦਾਲ ਵਿਚ। ਜਾਦੂ ਨਾਥ ਸਰਕਾਰ (1947 ਈ.) ਤੋਂ ਪਹਿਲਾਂ ਇਹ ਗੱਲ ਨਿਰਵਿਵਾਦ ਸੀ ਕਿ ਸ਼ਹੀਦੀ ਸਮੇਂ ਔਰੰਗਜ਼ੇਬ ਦਿੱਲੀ ਹੀ ਸੀ ਕਿਉਂਕਿ ਸਿੱਖ ਸ੍ਰੋਤ ਗ੍ਰੰਥ ਗੁਰੂ ਜੀ ਦੀ ਸ਼ਹੀਦੀ ਤੋਂ ਪਹਿਲਾਂ ਔਰੰਗਜ਼ੇਬ ਅਤੇ ਗੁਰੂ ਸਾਹਿਬ ਵਿਚ ਹੋਣ ਵਾਲੀ ਗੱਲ ਬਾਤ ਦਾ ਵਿਸਤ੍ਰਿਤ ਵੇਰਵਾ ਪ੍ਰਦਾਨ ਕਰਦੇ ਹਨ। ਔਰੰਗਜ਼ੇਬ ਦੇ ਦਿੱਲੀ ਵਿਚ ਨਾ ਹੋਣ ਵਾਲੀ ਗੱਲ ਉਸ ਸਮੇਂ ਪ੍ਰਚਲਿਤ ਹੋਈ ਜਦੋਂ ਜਾਦੂ ਨਾਥ ਸਰਕਾਰ ਨੇ *'ਮਆਸਿਰੀ ਆਲਮਗਿਰੀ'* ਨਾਮਕ ਪੁਸਤਕ ਦਾ ਅੰਗਰੇਜ਼ੀ

[43] *ਤਵਾਰੀਖ਼ ਗੁਰੂ ਖਾਲਸਾ* (ਡਿਜੀਟਲ ਪ੍ਰਕਾਸ਼ਨ), ਪੰਨੇ 53-59

ਅਨੁਵਾਦ[44] ਕਰ ਕੇ ਆਪਣੇ ਅਨੁਵਾਦ ਵਿਚ ਇਹ ਗੱਲ ਲਿਖੀ ਕਿ 14 ਫਰਵਰੀ, 1674 ਈ. ਅਫਗਾਨਾਂ ਹੱਥੋਂ ਮੁਗ਼ਲ ਸੈਨਾਪਤੀ ਸੁਜਾਇਤ ਖ਼ਾਨ ਦੇ ਮਾਰੇ ਜਾਣ ਦੀ ਖਬਰ ਮਿਲਣ ਤੋਂ ਬਾਅਦ ਔਰੰਗਜ਼ੇਬ 7 ਅਪ੍ਰੈਲ, 1674 ਈ. ਨੂੰ ਹਸਨ ਅਬਦਾਲ ਵੱਲ ਚਲ ਪਿਆ ਅਤੇ 23 ਦਸੰਬਰ 1675 ਈ. ਤੱਕ ਵਿਦਰੋਹ ਦਬਾਉਣ ਲਈ ਉਥੇ ਹੀ ਰਿਹਾ।[45] ਇਸ ਨੂੰ ਆਧਾਰ ਬਣਾ ਕੇ ਡਾ. ਫ਼ੌਜਾ ਸਿੰਘ[46] ਨੇ ਅਤੇ ਡਾ. ਗੰਡਾ ਸਿੰਘ[47] ਵਰਗੇ ਨਾਮਵਰ ਸਿੱਖ ਇਤਿਹਾਸਕਾਰਾਂ ਨੇ ਆਪਣੀਆਂ ਲਿਖਤਾਂ ਵਿਚ ਇਸ ਗੱਲ ਨੂੰ ਉਭਾਰ ਕੇ ਪੇਸ਼ ਕੀਤਾ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੇ ਵਕਤ ਔਰੰਗਜ਼ੇਬ ਹਸਨ ਅਬਦਾਲ ਸੀ ਜਿਸ ਨੂੰ ਬਾਅਦ ਦੇ ਬਹੁਤੇ ਸਿੱਖ ਲਿਖਾਰੀਆਂ ਨੇ ਬਿਨਾਂ ਕਿਸੇ ਵਿਚਾਰ ਦੇ ਇੰਨ-ਬਿੰਨ ਪ੍ਰਵਾਨ ਕੀਤਾ। ਜਿਥੋਂ ਤੱਕ 'ਮਆਸਿਰੀ ਆਲਮਗਿਰੀ' ਦੇ ਇਤਿਹਾਸਕ ਮਹੱਤਵ ਦਾ ਪ੍ਰਸ਼ਨ ਹੈ, ਇਸ ਦੀ ਇਤਿਹਾਸਕ ਮਹੱਤਤਾ ਵਾਲੀ ਘਾਟ ਬਾਰੇ ਜਾਦੂ ਨਾਥ ਸਰਕਾਰ ਆਪਣੀ ਪੁਸਤਕ 'HISTORY OF AURANGZIB' ਵਿਚ ਲਿਖਦਾ ਹੈ- *"Unfortunatialy, this work is very condensed and lakes the fullness and detail of the regular official annals."*[48] ਕੀ ਅਜਿਹੀ ਗੁੰਝਲਦਾਰ ਅਤੇ ਇਤਿਹਾਸਕ ਕਮੀ ਵਾਲੀ ਲਿਖਤ ਨੂੰ ਸਾਡੇ ਇਤਿਹਾਸ ਲਈ

---

[44] ਸਾਕੀ ਮੁਸਤਾਦ ਖਾਂ ਦੁਆਰਾ ਪਰਸੀਅਨ ਭਾਸ਼ਾ ਵਿਚ ਲਿਖੀ ਇਸ ਪੁਸਤਕ ਨੂੰ 1947 ਈ. ਵਿਚ ਜਾਦੂ ਨਾਥ ਸਰਕਾਰ ਅੰਗਰੇਜੀ ਵਿਚ ਅਨੁਵਾਦਿਤ ਕੀਤਾ ਗਿਆ। ਇਸ ਪੁਸਤਕ ਦਾ 1977 ਈ. ਵਿਚ ਪੰਜਾਬੀ ਅਨੁਵਾਦ ਵੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਛਾਪਿਆ ਗਿਆ।

[45] *MAÂSIR-I-ÂLAMGIRI,* Sir Jadunath Sarkar (Translater), P. 81-82, 91

[46] ਫ਼ੌਜਾ ਸਿੰਘ ਅਤੇ ਤਾਰਨ ਸਿੰਘ, *ਸ੍ਰੀ ਗੁਰੂ ਤੇਗ ਬਹਾਦਰ: ਜੀਵਨ ਤੇ ਰਚਨਾ*, ਪੰਨੇ 88

[47] *ਨਾਨਕ ਪ੍ਰਕਾਸ਼ ਪਤ੍ਰਿਕਾ,* ਜੂਨ-ਦਸੰਬਰ 1975, ਪੰਨਾ 98

[48] *History of AURANGZIB,* 1912 AD, P. XVI

ਬਿਨਾਂ ਕਿਸੇ ਪੜਤਾਲ ਦੇ ਪ੍ਰਵਾਨ ਕੀਤਾ ਜਾ ਸਕਦਾ ਹੈ? ਔਰੰਗਜ਼ੇਬ ਦੀ ਹਸਨ ਅਬਦਾਲ ਵਾਲੀ ਗੱਲ ਨੂੰ ਰੱਦ ਕਰਦੇ ਹੋਏ ਡਾ. ਸੁਖਦਿਆਲ ਸਿੰਘ ਲਿਖਦੇ ਹਨ- "*ਹਸਨ ਅਬਦਾਲ ਕਿਹੜੀ ਇੰਨੀ ਵੱਡੀ ਮੁਹਿੰਮ ਸੀ ਕਿ ਬਾਦਸ਼ਾਹ ਨੂੰ ਖ਼ੁਦ ਫੌਜ ਦੀ ਅਗਵਾਈ ਕਰਨੀ ਪਈ ਸੀ ਅਤੇ ਪੌਣੇ ਦੋ ਸਾਲਾਂ ਦੇ ਅਰਸੇ ਤੱਕ ਉਥੇ ਰਹਿਣਾ ਪਿਆ ਸੀ। ਇਹ ਇਕ ਸਾਧਾਰਨ ਮੁਹਿੰਮ ਸੀ। ਇਹ ਵੀ ਹੋ ਸਕਦਾ ਹੈ ਕਿ ਫੌਜ ਨੂੰ ਹੱਲਾ ਸ਼ੇਰੀ ਦੇਣ ਲਈ ਜਾਂ ਦੁਸ਼ਮਣ ਨੂੰ ਹੌਂਸਲਾਹੀਣ ਕਰਨ ਲਈ ਇਹ ਗੱਲ ਧੁਮਾ ਦਿੱਤੀ ਗਈ ਹੋਵੇ ਕਿ ਬਾਦਸ਼ਾਹ ਖ਼ੁਦ ਫੌਜ ਦੀ ਅਗਵਾਈ ਕਰ ਰਿਹਾ ਹੈ। ਅਜਿਹੀ ਗੱਲਾਂ ਦੀ ਰੌਸ਼ਨੀ ਵਿਚ 'ਮਆਸਿਰੀ ਆਲਮਗਿਰੀ' ਦੇ ਲੇਖਕ ਨੂੰ ਬਾਦਸ਼ਾਹ ਦੀ ਅਸਲ ਮੌਜੂਦਗੀ ਦਾ ਭੁਲੇਖਾ ਵੀ ਲੱਗ ਸਕਦਾ ਹੈ ਜਾਂ ਜਾਣ ਬੁੱਝ ਕੇ ਵੀ ਪਵਾਇਆ ਜਾ ਸਕਦਾ ਹੈ।*"[49] ਇਸ ਸੰਬੰਧ ਵਿਚ ਸਿਰਦਾਰ ਕਪੂਰ ਸਿੰਘ ਲਿਖਦੇ ਹਨ ਕਿ ਮੁਸਲਿਮ ਲਿਖਾਰੀਆਂ ਦੁਆਰਾ ਔਰੰਗਜ਼ੇਬ ਦੀ ਦਿੱਲੀ ਵਿਚ ਗੈਰ ਮੌਜੂਦਗੀ ਰਾਜਨੀਤਿਕ ਸੱਚ ਤਾਂ ਹੋ ਸਕਦਾ ਹੈ ਪਰੰਤੂ ਇਤਿਹਾਸਕ ਸੱਚ ਨਹੀਂ।[50] ਉਨ੍ਹਾਂ ਨੇ ਆਪਣੇ ਲੇਖ *'Who ordered the execution of Guru Tegh Bhadur'*[51] ਵਿਚ ਦਲੀਲਪੁਰਵਕ ਤਰੀਕੇ ਨਾਲ ਇਸ ਗੱਲ ਨੂੰ ਪ੍ਰਮਾਣਿਤ ਕੀਤਾ ਹੈ ਕਿ ਜਾਦੂ ਨਾਥ ਸਰਕਾਰ ਦੁਆਰਾ ਹਿਜਰੀ ਸੰਨ ਨੂੰ ਈਸਵੀ ਸੰਨ ਵਿਚ ਸਹੀ ਢੰਗ ਨਾਲ ਤਬਦੀਲ ਨਹੀਂ ਕੀਤਾ ਗਿਆ । ਜੇਕਰ ਅਸੀ ਔਰੰਗਜ਼ੇਬ ਦਾ ਹਸਨ ਅਬਦਾਲ ਵਿਦਰੋਹ ਨੂੰ ਦਬਾਉਣ ਲਈ ਜਾਣਾ ਮੰਨ ਵੀ ਲਈਏ ਤਾਂ ਸਿਰਦਾਰ ਕਪੂਰ ਸਿੰਘ ਦੁਆਰਾ *'Encyclopaedia of Islam (Published in*

---

[49] ਸੁਖਦਿਆਲ ਸਿੰਘ (ਡਾ.), *ਪੰਜਾਬ ਦਾ ਇਤਿਹਾਸ*, ਜਿਲਦ ਪੰਜਵੀਂ, ਪੰਨਾ 169

[50] *ਨਾਨਕ ਪ੍ਰਕਾਸ਼ ਪਤ੍ਰਿਕਾ*, ਜੂਨ-ਦਸੰਬਰ 1975, ਪੰਨਾ 127

[51] ਉਹੀ, ਪੰਨੇ 128-129

*Londen)'* ਦੇ ਹਵਾਲੇ ਨਾਲ ਪੇਸ਼ ਕੀਤਾ ਇਹ ਤੱਥ[52] ਜਿਆਦਾ ਉਚਿਤ ਜਾਪਦਾ ਹੈ ਕਿ ਔਰੰਗਜ਼ੇਬ ਦੀ ਹਸਨ ਅਬਦਾਲ ਤੋਂ ਵਾਪਸੀ ਮਾਰਚ, 1675 ਦੇ ਅੰਤ ਵਿਚ ਹੋਈ ਨਾ ਕਿ ਦਸੰਬਰ 1675 ਈ. ਵਿਚ। ਇਹ ਵੀ ਵਿਚਾਰਨ ਵਾਲੀ ਗੱਲ ਹੈ ਕਿ ਮੁਗ਼ਲ ਹਕੂਮਤ ਵਿਚ ਕਿਸੇ ਵੀ ਅਧਿਕਾਰੀ ਨੂੰ, ਭਾਵੇਂ ਉਹ ਕਿੰਨੇ ਵੀ ਵੱਡੇ ਰੁਤਬੇ ਦਾ ਮਾਲਿਕ ਹੋਵੇ, ਇਹ ਅਧਿਕਾਰ ਪ੍ਰਾਪਤ ਨਹੀਂ ਸੀ ਕਿ ਉਹ ਬਾਦਸ਼ਾਹ ਦੀ ਗੈਰ ਮੌਜੂਦਗੀ ਵਿਚ ਕਿਸੇ ਵਿਅਕਤੀ ਨੂੰ ਮੌਤ ਦੀ ਸਜਾ ਦੇ ਸਕੇ। ਘੱਟੋ ਘੱਟ ਔਰੰਗਜ਼ੇਬ ਵਰਗੇ ਚਲਾਕ ਅਤੇ ਹਕੂਮਤ ਲਈ ਅਤਿ ਦਰਜੇ ਦਾ ਜਨੂੰਨ ਰੱਖਣ ਵਾਲੇ ਹਾਕਮ ਦੀ ਹਕੂਮਤ ਵਿਚ ਤਾਂ ਇਸ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ ਸੀ। ਇਸ ਪ੍ਰਕਾਰ ਔਰੰਗਜ਼ੇਬ ਦੀ ਗੈਰ ਹਾਜਰੀ ਤੋਂ ਬਿਨਾਂ ਗੁਰੂ ਸਾਹਿਬ ਦੀ ਸ਼ਹੀਦੀ ਹੋਣਾ ਸੰਭਵ ਹੀ ਨਹੀਂ। ਸਭ ਤੋਂ ਪ੍ਰਮੁੱਖ ਤੇ ਨਿਰਣਾਇਕ ਤੱਥ ਹੈ- ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ੍ਰੀ ਗੁਰੂ ਤੇਗ ਬਹਾਦਰ ਜੀ ਸ਼ਹੀਦੀ ਸੰਬੰਧੀ ਬਚਿਤ੍ਰ ਨਾਟਕ ਵਿਚ ਦਿੱਤੀ ਗਈ ਗਵਾਹੀ, ਜਿਸ ਦੇ ਅਨੁਸਾਰ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣਾ ਸਰੀਰ ਰੂਪੀ ਭਾਂਡਾ ਦਿੱਲੀ ਦੇ ਬਾਦਸ਼ਾਹ ਦੇ ਸਿਰ 'ਤੇ ਭੰਨਿਆ।[53] ਇਸ ਗਵਾਹੀ ਤੋਂ ਬਾਅਦ ਕਿਸੇ ਪ੍ਰਕਾਰ ਦੇ ਸ਼ੱਕ ਦੀ ਗੁੰਜਾਇਸ਼ ਨਹੀਂ ਰਹਿ ਜਾਂਦੀ ਕਿ ਗੁਰੂ ਸਾਹਿਬ ਦੀ ਸ਼ਹੀਦੀ ਸਮੇਂ ਔਰੰਗਜ਼ੇਬ ਦਿੱਲੀ ਵਿਚ ਹੀ ਸੀ ਜਿਸ ਦੇ ਹੁਕਮ ਨਾਲ ਹੀ 'ਕੀਨੋ ਬਡੋ ਕਲੂ ਮਹਿ ਸਾਕਾ' ਵਾਲੀ ਘਟਨਾ ਵਾਪਰੀ।

ਔਰੰਗਜ਼ੇਬ ਦੁਆਰਾ, ਗੁਰੂ ਜੀ ਨੂੰ ਸ਼ਹੀਦ ਕਰਨ ਤੋਂ ਪਹਿਲਾਂ ਤਿੰਨ ਵਿਕਲਪ (Option) ਦਿੱਤੇ ਗਏ- ਇਸਲਾਮ ਕਬੂਲ ਕਰੋ, ਕਰਾਮਾਤ ਦਿਖਾਓ ਜਾਂ

---

[52] ਉਹੀ, ਪੰਨੇ 129-130

[53] ਠੀਕਰ ਫੋਰਿ ਦਿਲੀਸ ਸਿਰਿ ਪ੍ਰਭ ਪੁਰਿ ਕੀਯਾ ਪਯਾਨ।। -ਸ਼ਬਦਾਰਥ ਦਸਮ ਗ੍ਰੰਥ ਸਾਹਿਬ, ਪੋਥੀ ਪਹਿਲੀ, ਭਾਈ ਰਣਧੀਰ ਸਿੰਘ (ਸੰਪਾ.), ਪੰਨਾ 70

ਮੌਤ ਦੀ ਸਜ਼ਾ ਲਈ ਤਿਆਰ ਰਹੋ। ਸ਼ਾਹੀ ਕਾਜ਼ੀ ਨੇ ਇਨ੍ਹਾਂ ਵਿਚੋਂ ਇਕ ਵਿਕਲਪ ਚੁਣਨ ਲਈ ਕਿਹਾ-

ਸ਼ਰ੍ਹਾ ਮਾਨਿ, ਕੈ ਅਜ਼ਮਤਿ ਦੈਨ। ਕਿਧੋਂ ਮ੍ਰਿਤੂ ਅਪਨੀ ਕਰਿ ਲੈਨ।
ਇਨ ਤੀਨਹੁਂ ਮਹਿਂ ਲਖਹੁ ਜੋ ਨੀਕੀ। ਹਿਯ ਕੇ ਬੀਚ ਕਰਹੁ ਸੁ ਠੀਕੀ।[54]

ਗੁਰੂ ਸਾਹਿਬ ਜੀ ਨੇ ਇਸਲਾਮ ਧਾਰਨ ਕਰਨ ਅਤੇ ਕਰਾਮਾਤ ਵਿਖਾਉਣ ਦੀ ਥਾਂ ਸ਼ਹਾਦਤ ਵਾਲਾ ਤੀਸਰਾ ਵਿਕਲਪ ਚੁਣਿਆ। ਔਰੰਗਜ਼ੇਬ ਦੇ ਹੁਕਮ ਦੁਆਰਾ, ਕਾਜ਼ੀ ਅਬਦੁਲ ਵਹਾਬ ਵੋਹਰਾ ਦੇ ਫਤਵੇ ਰਾਹੀਂ ਸਮਾਣੇ ਦੇ ਰਹਿਣ ਵਾਲੇ ਜੱਲਾਦ ਜਲਾਲ-ਉਦ-ਦੀਨ ਦੁਆਰਾ ਦਿੱਲੀ ਦੇ ਚਾਂਦਨੀ ਚੌਂਕ ਵਿਚ ਗੁਰੂ ਜੀ ਦਾ ਸੀਸ ਧੜ ਨਾਲੋਂ ਜੁਦਾ ਕਰ ਕੇ ਉਨ੍ਹਾਂ ਨੂੰ ਸ਼ਹੀਦ ਕਰ ਦਿੱਤਾ ਗਿਆ। ਗੁਰੂ ਕੀਆਂ ਸਾਖੀਆਂ[55] ਅਤੇ ਭੱਟ ਵਹੀ ਤਲਾਉਂਡਾ[56] ਅਨੁਸਾਰ ਉਨ੍ਹਾਂ ਦੀ ਸ਼ਹੀਦੀ ਮੱਘਰ ਸੁਦੀ 5, ਸੰਮਤ 1732 ਬਿਕ੍ਰਮੀ (11 ਨਵੰਬਰ, 1675 ਈ.) ਦਿਨ ਵੀਰਵਾਰ ਵਾਲੇ ਦਿਨ ਹੋਈ। ਜਿਸ ਬੋਹੜ ਦੇ ਰੁੱਖ ਹੇਠਾਂ ਗੁਰੂ ਜੀ ਦੀ ਸ਼ਹੀਦੀ ਹੋਈ, ਉਸ ਸਥਾਨ ਦੀ ਸ਼ਨਾਖਤ ਮਾਰਚ, 1783 ਈ. ਵਿਚ ਸ. ਬਘੇਲ ਸਿੰਘ ਕਰੋੜਸਿੰਘੀਆ ਨੇ ਦਿੱਲੀ ਜਿੱਤਣ ਤੋਂ ਬਾਅਦ ਇਕ ਬਜ਼ੁਰਗ ਮੁਸਲਿਮ ਮਾਸ਼ਕੀ ਔਰਤ (ਪਾਣੀ ਢੋਣ ਵਾਲੀ) ਤੋਂ ਕਰਵਾਈ ਜਿਸ ਦੇ ਪਿਤਾ ਨੇ ਸ਼ਹੀਦੀ ਤੋਂ ਬਾਅਦ ਪਾਣੀ ਨਾਲ ਸ਼ਹੀਦੀ ਸਥਾਨ ਨੂੰ ਸਾਫ ਕੀਤਾ ਸੀ। ਉਸ ਸਥਾਨ ’ਤੇ ਬਣੀ ਹੋਈ ਮਸਜਿਦ ਦੇ ਨਾਲ ਕੰਧ ਕੱਢ ਕੇ ਸ. ਬਘੇਲ ਸਿੰਘ ਨੇ ਗੁਰਦੁਆਰਾ ਸੀਸ ਗੰਜ

---

[54] *ਸ੍ਰੀ ਗੁਰ ਪ੍ਰਤਾਪ ਗ੍ਰੰਥ,* ਜਿਲਦ ਗਿਆਰਵੀਂ, ਰਾਸ 12, ਅੰਸੂ 64, ਪੰਨਾ 4468

[55] *ਗੁਰੂ ਕੀਆਂ ਸਾਖੀਆਂ,* ਪੰਨਾ 82

[56] *ਭੱਟ ਵਹੀ ਤਲਾਉਂਡਾ, ਪਰਗਨਾ ਜੀਂਦ* ਉਧਰਿਤ *ਨਾਨਕ ਪ੍ਰਕਾਸ਼ ਪਤ੍ਰਿਕਾ,* ਜੂਨ-ਦਸੰਬਰ 1975, ਪੰਨਾ 84

ਸਾਹਿਬ ਦਾ ਨਿਰਮਾਣ ਕਰਵਾਇਆ।[57]

ਸ਼ਹੀਦੀ ਤੋਂ ਬਾਅਦ ਭਾਈ ਜੈਤਾ ਜੀ (ਬਾਬਾ ਜੀਵਨ ਸਿੰਘ ਜੀ) ਗੁਰੂ ਜੀ ਦੇ ਪਾਵਨ ਸੀਸ ਨੂੰ ਹਕੂਮਤ ਦੀਆਂ ਅੱਖਾਂ ਵਿਚ ਘੱਟਾ ਪਾ ਕੇ ਦਿੱਲੀ ਤੋਂ ਅਨੰਦਪੁਰ ਸਾਹਿਬ ਵੱਲ ਰਵਾਨਾ ਹੋ ਗਏ। ਭੱਟ ਵਹੀ ਮੁਲਤਾਨੀ ਸਿੰਧੀ ਅਨੁਸਾਰ[58] ਭਾਈ ਜੈਤਾ ਜੀ ਦੇ ਨਾਲ ਸੀਸ ਲੈ ਕੇ ਜਾਣ ਵਾਲਿਆਂ ਵਿਚ ਭਾਈ ਨਾਨੂ ਜੀ/ਨਨੂਆ ਜੀ ਅਤੇ ਭਾਈ ਊਦਾ ਜੀ ਵੀ ਸ਼ਾਮਿਲ ਸਨ। ਬਾਗਪਤ, ਬੜ ਖਾਲਸਾ*, ਤਰਾਵੜੀ, ਅੰਬਾਲਾ ਅਤੇ ਨਾਭਾ ਸਾਹਿਬ ਨਾਮਕ ਵੱਖ-ਵੱਖ ਸਥਾਨਾਂ 'ਤੇ ਪੜਾਅ ਕਰਦੇ ਹੋਏ ਇਹ ਗੁਰਸਿੱਖ ਮੱਘਰ ਸੁਦੀ 10, ਸੰਮਤ 1732 ਬਿਕਰਮੀ (16 ਨਵੰਬਰ, 1675 ਈ.) ਨੂੰ ਕੀਰਤਪੁਰ ਸਾਹਿਬ ਪਹੁੰਚੇ। ਇਸ ਸਥਾਨ 'ਤੇ ਗੁਰਦੁਆਰਾ ਬਿਬਾਨਗੜ੍ਹ ਸਾਹਿਬ ਸੁਭਾਇਮਾਨ ਹੈ। ਕੀਰਤਪੁਰ ਸਾਹਿਬ ਤੋਂ ਗੁਰੂ ਜੀ ਦੇ ਪਾਵਨ ਸੀਸ ਨੂੰ ਸਤਿਕਾਰ ਸਹਿਤ ਜਲੂਸ ਦੀ ਸ਼ਕਲ ਵਿਚ ਅਨੰਦਪੁਰ ਸਾਹਿਬ ਲਿਆ ਕੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਨਮਾਨ ਸਹਿਤ ਸਸਕਾਰ ਕੀਤਾ ਗਿਆ ਜਿਥੇ ਗੁਰਦੁਆਰਾ ਸੀਸ ਗੰਜ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਮੌਜੂਦ ਹੈ। ਭਾਈ ਜੈਤਾ ਜੀ ਦੀ ਬਹਾਦਰੀ ਵੇਖ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਨੂੰ 'ਰੰਘਰੇਟਾ ਗੁਰੂ ਕਾ ਬੇਟਾ' ਕਹਿ ਕੇ ਮਾਣ ਪ੍ਰਦਾਨ ਕੀਤਾ।

ਭਾਈ ਲੱਖੀ ਸ਼ਾਹ ਵਣਜਾਰਾ ਨਾਮਕ ਗੁਰਸਿੱਖ ਨੇ ਮੱਘਰ ਸੁਦੀ 6, ਸੰਮਤ 1732 ਬਿਕਰਮੀ (12 ਨਵੰਬਰ, 1675 ਈ.) ਦੀ ਰਾਤ ਨੂੰ ਆਪਣੇ ਪੁੱਤਰਾਂ

---

[57] Bhagat singh, *History of Sikh Misals,* P. 279, Publication bureau, Punjabi University, Patiala, 2009.

[58] *ਭੱਟ ਵਹੀ ਮੁਲਤਾਨੀ ਸਿੰਧੀ, ਖਾਤਾ ਆਣਿਓਂ ਕਾ ਉਧਰਿਤ ਨਾਨਕ ਪ੍ਰਕਾਸ਼ ਪਤ੍ਰਿਕਾ,* ਜੂਨ-ਦਸੰਬਰ 1975, ਪੰਨਾ 84

* ਸਥਾਨਕ ਰਵਾਇਤ ਅਨੁਸਾਰ।

ਨਗਾਹੀਆ, ਹੇਮਾ, ਹਾੜੀ ਅਤੇ ਕਾਹਨੇ ਦੇ ਲੜਕੇ ਧੂਮਾ ਦੀ ਸਹਾਇਤਾ ਨਾਲ ਗੁਰੂ ਜੀ ਦੇ ਪਾਵਨ ਧੜ ਨੂੰ ਆਪਣੇ ਘਰ ਵਿਚ ਲਿਆ ਕੇ ਸਸਕਾਰ ਕੀਤਾ ਅਤੇ ਹਕੂਮਤ ਨੂੰ ਧੋਖਾ ਦੇਣ ਲਈ ਆਪਣੇ ਘਰ ਨੂੰ ਅੱਗ ਲਗਾ ਦਿੱਤੀ।[59] ਇਸ ਸਥਾਨ ’ਤੇ ਵਰਤਮਾਨ ਸਮੇਂ ਵਿਚ ਗੁਰਦੁਆਰਾ ਰਕਾਬ ਗੰਜ ਸਾਹਿਬ ਮੌਜੂਦ ਹੈ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਇਸ ਅਦੁੱਤੀ ਸ਼ਹਾਦਤ ਦੇ ਬਹੁਤ ਹੀ ਦੂਰ ਅੰਦੇਸ਼ੀ ਇਤਿਹਾਸਕ ਪ੍ਰਭਾਵ ਪਏ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਨੁਸਾਰ[60] ਇਸ ਅਦੁੱਤੀ ਸਾਕੇ ਤੋਂ ਬਾਅਦ ਸਮੁੱਚੇ ਜਗਤ ਵਿਚ ਹਾਹਾਕਾਰ ਮੱਚ ਗਈ ਅਤੇ ਪਰਾਭੌਤਿਕ ਸੰਸਾਰ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਜੈ ਜੈ ਕਾਰ ਹੋਣ ਲੱਗ ਪਈ। ਇਸ ਸ਼ਹਾਦਤ ਨੇ ਸੁੱਤੀ ਹੋਈ ਲੋਕਾਈ ਨੂੰ ਇਕ ਜਬਰਦਸਤ ਹਲੂਣਾ ਦਿੱਤਾ ਜਿਸ ਤੋਂ ਬਾਅਦ ਅਨੇਕਾਂ ਥਾਵਾਂ ਤੋਂ ਔਰੰਗਜ਼ੇਬ ਦੀ ਮੁਗ਼ਲ ਹਕੂਮਤ ਦੇ ਖਿਲਾਫ ਵਿਦਰੋਹ ਹੋਣ ਲੱਗ ਪਏ। ਡਾ. ਇੰਦੂ ਭੂਸ਼ਣ ਬੈਨਰਜੀ ਲਿਖਦੇ ਹਨ ਕਿ ਗੁਰੂ ਜੀ ਦੀ ਸ਼ਹੀਦੀ ਤੋਂ ਬਾਅਦ ਸਾਰਾ ਪੰਜਾਬ ਨਫਰਤ ਅਤੇ ਬਦਲੇ ਦੀ ਭਾਵਨਾ ਨਾਲ ਭੜਕ ਉੱਠਿਆ।[61] ਰਤਨ ਸਿੰਘ ਭੰਗੂ ਅਨੁਸਾਰ ਉਸ ਦਿਨ ਤੋਂ ਦਿੱਲੀ ਦੀ ਮੁਗ਼ਲ ਹਕੂਮਤ ਦਾ ਪ੍ਰਭਾਵ ਘਟਣਾ ਸ਼ੁਰੂ ਹੋ ਗਿਆ-

ਤਬ ਤੇ ਘਟੀ ਪਾਤਸ਼ਾਹੀ ਦਿੱਲੀ। ਤਬ ਤੇ ਤੁਰਕ ਕਲਾ ਭਈ ਢਿੱਲੀ।[62]

ਗੁਰੂ ਜੀ ਦੀ ਸ਼ਹੀਦੀ ਤੋਂ ਬਾਅਦ ਔਰੰਗਜ਼ੇਬ ਬੇਚੈਨ ਹੋ ਗਿਆ ਤੇ ਉਹ

---

[59] *ਗੁਰੂ ਕੀਆਂ ਸਾਖੀਆਂ*, ਪੰਨਾ 85 ਅਤੇ *ਭੱਟ ਵਹੀ ਜਾਦੋਬੰਸੀਆਂ, ਖਾਤਾ ਕਨਾਵਤ ਬੜਤੀਓਂ ਕਾ* ਉਧਰਿਤ *ਨਾਨਕ ਪ੍ਰਕਾਸ਼ ਪਤ੍ਰਿਕਾ*, ਜੂਨ-ਦਸੰਬਰ 1975, ਪੰਨਾ 84.

[60] ਤੇਗ ਬਹਾਦੁਰ ਕੇ ਚਲਤ ਭਯੋ ਜਗਤ ਕੋ ਸੋਕ ॥ ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕਿ॥

-*ਸ਼ਬਦਾਰਥ ਦਸਮ ਗ੍ਰੰਥ ਸਾਹਿਬ*, ਪੋਥੀ ਪਹਿਲੀ, ਪੰਨਾ 73

[61] ਇੰਦੂਭੂਸ਼ਣ ਬੈਨਰਜੀ, *ਖਾਲਸੇ ਦੀ ਉਤਪਤੀ*, ਭਾਗ ਦੂਜਾ, ਪੰਨਾ 63

[62] *ਸ੍ਰੀ ਗੁਰ ਪੰਥ ਪ੍ਰਕਾਸ਼*, ਜੀਤ ਸਿੰਘ ਸ਼ੀਤਲ, ਡਾ. (ਸੰਪਾ.), ਪੰਨਾ 69

ਉਸ ਰਾਤ ਨੂੰ ਚੰਗੀ ਤਰ੍ਹਾਂ ਨਾ ਸੌਂ ਸਕਿਆ।[63] ਉਸ ਦੇ ਆਪਣੇ ਹੀ ਅਹਿਲਕਾਰਾਂ ਨੇ ਉਸ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ। '*ਨਵਾਬ ਸੈਫ਼ ਖਾਂ, ਜੋ ਪੰਜ ਹਜਾਰ ਦਾ ਮਨਸਬਦਾਰ ਸੀ ਅਤੇ ਉਸ ਦੀ ਬੇਗਮ ਤੇ ਨਵਾਬ ਗੁਰੂ ਸਾਹਿਬ ਦੇ ਅਕੀਦਤਮੰਦ ਸਨ। ਗੁਰੂ ਸਾਹਿਬ ਦੀ ਸ਼ਹਾਦਤ 'ਤੇ ਇਨ੍ਹਾਂ ਨੇ 40 ਦਿਨ ਸੋਗ ਮਨਾਇਆ ਅਤੇ ਮਾਤਮੀ ਲਿਬਾਸ ਪਹਿਨਿਆ। ਦਿੱਲੀ ਵਿਚ ਗੁਰੂ ਜੀ ਦੀ ਕੈਦ ਅਤੇ ਫਿਰ ਸ਼ਹਾਦਤ ਸਮੇਂ ਚਾਂਦਨੀ ਚੌਂਕ ਦੀ ਕੋਤਵਾਲੀ ਦਾ ਦਰੋਗਾ ਖਵਾਜਾ ਅਬਦੁੱਲਾ ਇਤਨਾ ਪ੍ਰਭਾਵਿਤ ਹੋਇਆ ਕਿ ਸ਼ਹੀਦੀ ਮਗਰੋਂ ਤੁਰੰਤ ਨੌਕਰੀ ਛੱਡ ਕੇ ਗੁਰੂ ਗੋਬਿੰਦ ਸਿੰਘ ਪਾਸ ਅਨੰਦਪੁਰ ਵਿਚ ਹਾਜਰ ਹੋਇਆ ਅਤੇ ਉਸ ਦੇ ਪੁੱਤਰ ਤੱਕ ਗੁਰੂ ਜੀ ਦੇ ਦਰਬਾਰ ਵਿਚ ਰਹੇ।*'[64] ਖਾਲਿਸਾ ਨਾਮਾ ਦਾ ਕਰਤਾ ਬੱਖਤ ਮੱਲ ਲਿਖਦਾ ਹੈ ਇਕ ਖੁੱਲ੍ਹ-ਖ਼ਿਆਲੀਏ ਦਰਵੇਸ਼ ਨੇ ਜਦ ਸ਼ਹੀਦ ਗੁਰੂ ਤੇਗ਼ ਬਹਾਦਰ ਜੀ ਦੇ ਪਾਵਨ ਮ੍ਰਿਤਕ ਸਰੀਰ ਨੂੰ ਡਿੱਠਾ ਤਾਂ ਪੁਕਾਰ ਕੇ ਕਿਹਾ ਕਿ ਸੁਲਤਾਨ ਨੇ ਚੰਗਾ ਨਹੀਂ ਕੀਤਾ। ਇਨ੍ਹਾਂ ਕਾਰਨਾਂ ਕਰ ਕੇ ਹੀ ਇਕ ਐਸਾ ਬਗ਼ਾਵਤ ਦਾ ਤੂਫ਼ਾਨ ਉੱਠੇਗਾ ਜੋ ਸਾਰੀ ਦਿੱਲੀ ਨੂੰ ਆਪਣੀ ਲਪੇਟ ਵਿਚ ਲੈ ਲਵੇਗਾ ਤੇ ਦਿੱਲੀ ਉਜਾੜ ਕੇ ਰੱਖ ਦੇਵੇਗਾ।' (ਫ਼ਕਰਿ ਆਜ਼ਾਦਾਨਾ ਰਾਹ ਗੁਜ਼ਰ ਬਰ ਨਾਅਸ਼ ਗੁਰੂ ਉਫ਼ਤਾਦ ਵ ਗੁਫ਼ਤ ਕਿ ਸੁਲਤਾਨ ਖ਼ੂਬ ਨ ਕਰਦ।)[65]

ਔਰੰਗਜ਼ੇਬ ਦਾ ਖਿਆਲ ਸੀ ਕਿ ਸ੍ਰੀ ਗੁਰੂ ਤੇਗ ਬਹਾਦਰ ਦੀ ਸ਼ਹਾਦਤ

---

[63] ਰਾਤਿ ਪ੍ਰਬਿਰਤੀ ਚਿੰਤ ਅਧੀਨਾ। ਰੁਚਿ ਕਰਿ ਖਾਨਾ ਖ਼ਾਨ ਨ ਕੀਨਾ।
ਜਬਿ ਪ੍ਰਯੰਕ ਪਰ ਪਹੁੰਚਯੋ ਪਾਪੀ। ਹਿਤ ਸੁਪਤਨਿ ਕੇ ਨਿੰਦ੍ਰਾ ਬਯਾਪੀ।
-*ਸ੍ਰੀ ਗੁਰ ਪ੍ਰਤਾਪ ਗ੍ਰੰਥ*, ਜਿਲਦ ਗਿਆਰਵੀਂ, ਰਾਸ 12, ਅੰਸੂ 68, ਪੰਨਾ 4482

[64] *ਗੁਰੂ ਤੇਗ ਬਹਾਦਰ ਸਿਮ੍ਰਿਤੀ ਅੰਕ*, ਪੰਨਾ 109

[65] ਖਾਲਿਸਾ ਨਾਮਾ, ਪੰਨਾ ੧੨, ਖਰੜਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਉਧਰਿਤ *ਇਤਿ ਜਿਨਿ ਕਰੀ*, ਪੰਨਾ 183

ਤੋਂ ਬਾਅਦ ਸਮੁੱਚੀ ਸਿੱਖ ਕੌਮ ਬੇਸਹਾਰਾ ਹੋ ਕੇ ਨਿਰਾਸ਼ਾ ਦੇ ਆਲਮ ਵਿਚ ਡੁੱਬ ਜਾਵੇਗੀ ਪਰੰਤੂ ਹੋਇਆ ਇਸਦੇ ਬਿਲਕੁਲ ਹੀ ਉਲਟ। ਇਸ ਸ਼ਹੀਦੀ ਦਾ ਸਿੱਖਾਂ ਵਲੋਂ ਆਪਣੇ ਢੰਗ ਨਾਲ ਪ੍ਰਤੀਕਰਮ ਕੀਤਾ ਗਿਆ ਜਿਸ ਦੀ ਔਰੰਗਜ਼ੇਬ ਨੂੰ ਬਿਲਕੁਲ ਹੀ ਉਮੀਦ ਨਹੀਂ ਸੀ। *'ਮਆਸਿਰੀ ਆਲਮਗਿਰੀ'* ਵਿਚ ਇਸ ਪ੍ਰਕਾਰ ਦੀਆਂ ਤਿੰਨ ਘਟਨਾਵਾਂ ਪ੍ਰਾਪਤ ਹੁੰਦੀਆਂ ਹਨ। ਪਹਿਲੀ ਘਟਨਾ[66] 24 ਜੂਨ, 1676 ਈ./22 ਰਬੀ ਉਲ-ਅਵਲ ਨੂੰ ਚਾਂਦਨੀ ਚੌਂਕ ਵਿਚ ਔਰੰਗਜ਼ੇਬ ਦੇ ਘੋੜੇ 'ਤੇ ਚੜ੍ਹਨ ਸਮੇਂ ਵਾਪਰੀ ਜਦੋਂ ਉਸ ਉਪਰ ਇਕ ਸੋਟੀ ਵਗਾਹ ਕੇ ਮਾਰੀ ਗਈ ਜੋ ਉਸ ਦੇ ਅੰਗ ਰੱਖਿਅਕਾਂ ਦੀ ਛਤਰੀ 'ਤੇ ਵੱਜੀ। ਦੂਜੀ ਘਟਨਾ[67] 19 ਅਕਤੂਬਰ 1676 ਈ. /21 ਸ਼ਾਬਾਨ ਦੀ ਹੈ ਜਦੋਂ ਔਰੰਗਜ਼ੇਬ ਨਮਾਜ਼ ਪੜ੍ਹ ਕੇ ਵਾਪਸ ਆ ਰਿਹਾ ਸੀ ਤਾਂ ਭੀੜ ਵਿਚੋਂ ਉਸ 'ਤੇ ਤਲਵਾਰ ਨਾਲ ਹਮਲਾ ਹੋਇਆ ਜਿਸ ਨਾਲ ਉਸ ਦੇ ਅੰਗ ਰੱਖਿਅਕ ਮੁਕੱਰਮ ਖ਼ਾਨ ਦੀ ਉਂਗਲ ਜ਼ਖਮੀ ਹੋ ਗਈ। ਤੀਜੀ ਘਟਨਾ[68] 27 ਅਕਤੂਬਰ 1676 ਈ. /29 ਰਮਜ਼ਾਨ ਦੀ ਹੈ ਜਦੋਂ ਔਰੰਗਜ਼ੇਬ ਜੁੰਮੇ ਦੀ ਨਮਾਜ ਪੜ੍ਹਣ ਤੋਂ ਬਾਅਦ ਜਾਮਾ ਮਸਜਿਦ ਦੀਆਂ ਪੌੜੀਆਂ ਉਤਰ ਕੇ ਕਿਸ਼ਤੀ ਵਿਚ ਸਵਾਰ ਹੋਣ ਲੱਗਿਆ ਤਾਂ ਇਕ ਸਿੱਖ ਨੇ ਉਸ ਦੇ ਦੋ ਇੱਟਾਂ ਮਾਰੀਆਂ। ਬੇਸ਼ਕ ਇਹ ਸਿੱਖ ਔਰੰਗਜ਼ੇਬ ਦੇ ਅੰਗ ਰੱਖਿਅਕਾਂ ਪਾਸੋਂ ਸ਼ਹੀਦ ਹੋ ਗਿਆ ਪਰ ਹੌਂਸਲੇ ਅਤੇ ਵਿਰੋਧ ਦਾ ਪ੍ਰਗਟਾਵਾ ਕਰ ਗਿਆ। ਇਹ ਤਿੰਨ ਘਟਨਾਵਾਂ ਦੱਸਦੀਆਂ ਹਨ ਕਿ ਗੁਰੂ ਸਾਹਿਬ ਜੀ ਦੀ ਸ਼ਹੀਦੀ ਕਾਰਨ ਸਿੱਖਾਂ ਵਿਚ ਕਿੰਨਾ ਜ਼ਿਆਦਾ ਰੋਸ ਸੀ। ਪ੍ਰਿੰ. ਸਤਿਬੀਰ ਸਿੰਘ ਨੇ[69] ਸ੍ਰੀ ਗੁਰੂ ਤੇਗ ਬਹਾਦਰ

---

[66] *MAÂSIR-I-ÂLAMGIRI,* Sir Jadunath Sarkar (Translater), P. 94-95
[67] *Ibid*, P. 95
[68] *Ibid*, P. 93
[69] ਪ੍ਰਿੰ. ਸਤਿਬੀਰ ਸਿੰਘ, *ਇਤਿ ਜਿਨਿ ਕਰੀ,* ਪੰਨਾ 186

ਜੀ ਦੀ ਸ਼ਹਾਦਤ ਦੀ ਤੁਲਨਾ ਫ਼ੀਨਕਸ ਨਾਮ ਦੇ ਮਿਥਿਹਾਸਕ ਪੰਛੀ ਨਾਲ ਕੀਤੀ ਹੈ ਜੋ ਆਪਣੇ ਅੰਤਿਮ ਸਮੇਂ 'ਤੇ ਤੀਲੇ-ਤਿਣਕੇ ਇਕੱਠੇ ਕਰ ਕੇ ਉਸ ਦੀ ਅੱਗ ਵਿਚ ਆਪਣੇ ਆਪ ਨੂੰ ਸਾੜ ਦਿੰਦਾ ਹੈ। ਇਸ ਤੋਂ ਬਾਅਦ ਅੱਗ ਦੀ ਰਾਖ ਵਿਚੋਂ ਇਕ ਆਂਡਾ ਨਿਕਲਦਾ ਹੈ ਜਿਸ ਤੋਂ ਫ਼ੀਨਕਸ ਵਰਗਾ ਹੀ ਪੰਛੀ ਪੈਦਾ ਹੁੰਦਾ ਹੈ। ਬਿਲਕੁਲ ਇਸੇ ਤਰ੍ਹਾਂ ਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਵਿਚੋਂ ਉਨ੍ਹਾਂ ਵਰਗਾ ਹੀ ਮਜ਼ਲੂਮਾਂ ਦਾ ਰੱਖਿਅਕ ਤੇ ਨਿਡਰ ਖਾਲਸਾ ਪੈਦਾ ਹੋਇਆ।

ਸਮੁੱਚੇ ਤੌਰ 'ਤੇ ਅਸੀਂ ਕਹਿ ਸਕਦੇ ਹਾਂ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਧਾਰਮਿਕ ਬਰਾਬਰੀ ਅਤੇ ਮਨੁੱਖੀ ਅਧਿਕਾਰਾਂ ਦੀ ਆਜ਼ਾਦੀ ਲਈ ਦਿੱਤੀ ਇਕ ਅਦੁੱਤੀ ਸ਼ਹਾਦਤ ਸੀ; ਧਰਮ ਹੇਤ ਕੀਤਾ ਗਿਆ ਅਜਿਹਾ ਸਾਕਾ ਜੋ 'ਠੀਕਰ ਫੋਰਿ ਦਿਲੀਸ ਸਿਰਿ' ਵਾਲੀ ਇਤਿਹਾਸਕ ਘਟਨਾ ਬਣ ਗਈ। ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਇਸ ਪੱਖ ਤੋਂ ਵੀ ਮਹੱਤਵਪੂਰਨ ਹੈ ਕਿ ਉਹ ਨਾ ਤਾਂ ਤਿਲਕ-ਜਨੇਊ ਧਾਰਨ ਕਰਦੇ ਸਨ ਨਾ ਹੀ ਇਸ ਵਿਚ ਉਨ੍ਹਾਂ ਦਾ ਵਿਸ਼ਵਾਸ਼ ਸੀ ਪ੍ਰੰਤੂ ਫਿਰ ਵੀ ਉਨ੍ਹਾਂ ਨੇ ਧਾਰਮਿਕ ਅਨਿਆਂ ਅਤੇ ਜ਼ੁਲਮ ਨੂੰ ਚੈਲੰਜ ਕਰਦੇ ਹੋਏ ਇਨ੍ਹਾਂ ਚਿਨ੍ਹਾਂ ਦੇ ਧਾਰਮਿਕ ਵਿਸ਼ਵਾਸ਼ ਲਈ ਸ਼ਹੀਦੀ ਪ੍ਰਾਪਤ ਕੀਤੀ। ਇਹ ਸ਼ਹਾਦਤ ਗੁਰੂ ਸਾਹਿਬ ਦੀ ਪਰਉਪਕਾਰੀ ਭਾਵਨਾ ਅਤੇ ਸਮ ਦ੍ਰਿਸ਼ਟੀ ਵਾਲੀ ਅਵਸਥਾ ਨੂੰ ਪ੍ਰਤੱਖਮਾਨ ਕਰਦੀ ਹੈ। ਇਸ ਲਾਸਾਨੀ ਸ਼ਹਾਦਤ ਤੋਂ ਪ੍ਰੇਰਣਾ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਅਜਿਹਾ ਖਾਲਸਾ ਸਾਜਿਆ ਜਿਸ ਨੇ ਕਾਬੁਲ-ਕੰਧਾਰ ਤਕ ਖਾਲਸਾਈ ਨਿਸ਼ਾਨ ਝੁਲਾ ਕੇ 'ਸਭੇ ਸਾਝੀਵਾਲ ਸਦਾਇਨਿ' ਵਾਲੇ ਸੁਨਿਹਰੀ ਯੁੱਗ ਦਾ ਆਗਾਜ਼ ਕਰਨ ਵਾਲਾ ਲੋਕ ਪੱਖੀ ਰਾਜ ਸਥਾਪਿਤ ਕੀਤਾ।

*****

## ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸਮਰਪਿਤ ਕਾਵਿਕ ਡੰਡਉਤ ਬੰਦਨਾ

ਨਵਮ ਨਾਨਕ ਗੁਰ ਤੇਗ ਬਹਾਦਰ, ਦੀਨਾ ਨਾਥ ਗੁਰ ਪਰਮ ਕ੍ਰਿਪਾਲਾ।
ਤਿਆਗ ਬੈਰਾਗ ਕੀ ਮੂਰਤਿ ਸ੍ਰੀ ਗੁਰ, ਪ੍ਰਭ ਸਿਮਰਨ ਕਉ ਬਡੋ ਬਿਸਾਲਾ ।
ਜਨਨੀ ਨਾਮ ਸ੍ਰੀ ਮਾਤਾ ਨਾਨਕੀ, ਸ੍ਰੀ ਹਰਿਗੋਬਿੰਦ ਪਿਤਾ ਗੁਰ ਹੋਇਓ।
ਦੁਸ਼ਟ ਦੋਖੀਅਨ ਭੰਨੈ ਸ਼ਸਤ੍ਰਨ ਸੰਗਿ, ਦਲ ਭੰਜਨ ਜਿਹ ਗੁਰ ਕਉ ਪਦ ਹੋਇਓ।
ਸੰਨ ਸੋਲਹ ਸੈ ਇਕੀ ਹੋਇਓ, ਵੈਸਾਖ ਭਇਓ ਤਬ ਮਾਸ।
ਅਪ੍ਰੈਲ ਮਾਸ ਈਸਵੀ ਕਉ ਜਾਨਉ, ਜਬ ਪ੍ਰਗਟ ਭਏ ਗੁਣਤਾਸ।
ਅਨਿਕ ਬਰਸ ਜਬ ਗ੍ਰਾਮ ਬਕਾਲੇ ਮਹਿ, ਪ੍ਰਭ ਸਿਮਰਨ ਕੀਓ ਗੁਰਦੇਵ।
ਮਹਿਲ ਗੁਰੂ ਕਉ ਮਾਤਾ ਗੁਜਰੀ ਜੀ, ਤਬ ਕੀਨੀ ਗੁਰ ਕੀ ਸੇਵ।
ਅਸ਼ਟਮ ਗੁਰ ਸ੍ਰੀ ਹਰਿਕ੍ਰਿਸ਼ਨ ਜੀ, ਦਿਲੀ ਮਹਿ ਜੋਤੀ ਜੋਤਿ ਸਮਾਏ।
'ਬਾਬਾ ਵਸੈ ਗ੍ਰਾਮ ਬਕਾਲੇ, ਸ੍ਰੀ ਗੁਰ ਮੁਖਿ ਤੇ ਤਬ ਫੁਰਮਾਏ।
ਮੱਖਣ ਸ਼ਾਹ ਕੋ ਅਰਦਾਸ ਰਖਿ ਕੈ, ਗੁਰੂ ਭਏ ਸ੍ਰੀ ਤੇਗ ਬਹਾਦਰ।
ਮਾਲਵਾ ਬਾਂਗਰ ਪੂਰਬ ਦੇਸ ਮਹਿ, ਪ੍ਰਚਾਰ ਕੀਓ ਗੁਰੂ ਤੇਗ ਬਹਾਦਰ ।
ਔਰੰਗਜੇਬ ਕੈ ਜੁਲਮੀ ਰਾਜ ਮਹਿ ਗੁਰ, ਲੋਗਨ ਸਿਉ ਕੀਓ ਬਖਾਨਿ।
"ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥"
ਹਿੰਦੂ ਧਰਮ ਬਚਾਵਨ ਕਉ, ਤਿਲਕ ਜਨੇਊ ਲਾਵਨ ਪਾਵਨ ਕਉ,
ਕਸ਼ਮੀਰੀ ਬ੍ਰਾਹਮਣ ਅਤਿ ਭਾਵਨਿ ਸਿਉਂ, ਕ੍ਰਿਪਾਨਿਧਿ ਪਾਸ ਬੇਨੰਤੀ ਕੀਨੀ।
ਸ਼ਰਣਿ ਆਇ ਕੀ ਲਾਜ, ਪਤਿ ਹਿੰਦੂ ਧਰਮ ਕੀ ਆਜ,
ਸ੍ਰੀ ਸਤਿਗੁਰ ਗਰੀਬ ਨਿਵਾਜ, ਨਿਜ ਸੀਸ ਦੇ ਕੈ ਰਖਿ ਲੀਨੀ।

ਆਪਨਿ ਸੀਸ ਦੇ ਕੈ ਸਤਿਗੁਰ, ਸਭ ਹਿੰਦੂਅਨਿ ਕੋ ਸੀਸ ਬਚਾਇਓ।

ਆਪਨਿ ਖ਼ੂਨ ਦੇ ਕੈ ਸਤਿਗੁਰ, ਦੀਵਾ ਸਭ ਮੰਦਰ ਮਹਿ ਰੁਸ਼ਨਾਇਓ।

ਹੈ ਹੈ ਹੈ ਭਇਓ ਜਗ ਅੰਦਰਿ, ਜੈ ਜੈ ਜੈ ਸੁਰ ਲੋਕ ਕਰਾਇਓ।

"ਕੀਨੋ ਬਡੋ ਕਲੂ ਮਹਿ ਸਾਕਾ" ਸ੍ਰੀ ਗੁਰੂ ਗੋਬਿੰਦ ਸਿੰਘ ਫੁਰਮਾਇਓ।

ਐਸੋ ਪਰਉਪਕਾਰੀ ਪਰਮ ਪੁਰਖ ਗੁਰ,

ਜਿਹ ਧਰਮ ਢਾਕਨਿ ਕਉ ਚਾਦਰ ਭਇਯਉ।

ਸੰਦੀਪ ਸਿੰਘ ਤਿਹ ਸ੍ਰੀ ਚਰਨਨ ਮਹਿ, ਬਾਰ ਬਾਰ ਬੰਦਨਾ ਕਰਿਯਉ।

**-ਡਾ. ਸੰਦੀਪ ਸਿੰਘ**

*****



ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ, ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਮਹਾਨ ਗੁਰਸਿੱਖਾਂ- ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਦੇ ਇਤਿਹਾਸਕ ਅਵਸਰ 'ਤੇ ਉਨ੍ਹਾਂ ਦੀ ਮਹਾਨ ਸ਼ਹਾਦਤ ਨੂੰ ਕੋਟਾਨਿ-ਕੋਟਿ ਪ੍ਰਣਾਮ ਕਰਦੀ ਹੈ। ਗੁਰੂ ਪਾਤਸ਼ਾਹ ਦੇ ਚਰਨਾਂ ਵਿਚ ਅਰਦਾਸ ਹੈ ਕਿ ਉਹ ਸਾਨੂੰ ਸਭਨਾਂ ਨੂੰ ਵਿਸ਼ੇ-ਵਿਕਾਰਾਂ ਤੋਂ ਮੁਕਤ ਕਰਕੇ ਅਕਾਲ ਪੁਰਖ ਦੀ ਬੰਦਗੀ ਦੀ ਦਾਤ ਬਖਸਿਸ਼ ਕਰਨ।

ਗੁਰੂ ਤੇਗ ਬਹਾਦਰ ਪਾਤਸ਼ਾਹ, ਤੈਥੋਂ ਜਾਈਏ ਜੀ ਬਲਿਹਾਰ ।
ਹਿੰਦ ਦੀ ਪੱਤ ਬਚਾਉਣ ਲਈ, ਤੁਸੀਂ ਦਿੱਤਾ ਆਪਾਂ ਵਾਰ ।
ਜਦ ਬੇੜਾ ਮੱਖਣ ਸ਼ਾਹ ਦਾ, ਵਿੱਚ ਫਸ ਗਿਆ ਸੀ ਮੰਝਧਾਰ ।
ਉਸ ਧਰ ਕੇ ਧਿਆਨ ਤੇਰੇ ਨਾਮ ਦਾ, ਵਿਚ ਚਰਨਾਂ ਕਰੀ ਪੁਕਾਰ
ਡੁੱਬਦਾ ਬੇੜਾ ਮੱਖਣ ਸ਼ਾਹ ਦਾ, ਤੁਸੀਂ ਲਾਇਆ ਦਾਤਾ ਪਾਰ ।
ਜਦ ਚਲ ਕਸ਼ਮੀਰੀ ਆ ਗਏ, ਤੇਰੇ ਦਰ ਤੇ ਕਰੀ ਪੁਕਾਰ ।
ਤੁਸਾਂ ਰੋਂਦਿਆਂ ਨੂੰ ਗਲ ਲਾ ਲਿਆ, ਤੇ ਹੋਏ ਸ਼ੀਸ਼ ਦੇਣ ਲਈ ਤਿਆਰ ।
ਆਨੰਦਪੁਰ ਤੋਂ ਦਿੱਲੀ ਜਾਂਦਿਆਂ, ਤੁਸੀਂ ਲੱਖਾਂ ਦਿੱਤੇ ਤਾਰ ।
ਦਿੱਲੀ ਦੇ ਚਾਂਦਨੀ ਚੌਂਕ ਨੂੰ, ਸਾਡੀ ਨਮਸਕਾਰ ਲੱਖ ਵਾਰ ।
"ਦਨੌਲੀ" ਲਿਖ ਨਾ ਹੁੰਦੇ ਕਲਮ ਤੋਂ, ਨੌਵੇਂ ਸਤਿਗੁਰ ਦੇ ਉਪਕਾਰ ।

-ਗੁਰਮੀਤ ਸਿੰਘ 'ਦਨੌਲੀ'